

26 ਅਪ੍ਰੈਲ 2020
ਨਾਮਧਾਰੀ ਸ਼ਹੀਦੀ ਸਮਾਰਕ
ਲੁਧਿਆਣਾ
Balvir
Sri Satguru Jagjit Singh Ji eLibrary
NamdhariElibrary@gmail.com

ਆਪਣੇ ਆਲੇ ਦੁਆਲੇ ਲੋੜਵੰਦਾਂ ਦੀ ਮਦਦ ਕਰੋ

ਸਰਬ ਰੋਗ ਕਾ ਅਉਖਦੁ ਨਾਮ ॥

NAMDHARI SANGAT
LUDHIANA



ਅਸੀਂ ਘਟਦੇ ਕਦੋਂ ਹਾਂ

ਸਵੇਰੇ ਤੜਕੇ ਇਸਨਾਨ ਸਣੇ ਕੇਸੀਂ ਕਰਕੇ ਆਇਆ ਕਰੋ ਆਸਾ ਦੀ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਦਿੱਤਾ ਹੈ 'ਸੀਤਲ ਜਲ ਕੇ ਅੰਗੀਕਾਰੇ' ਜੇ ਨਾ ਹੋਇ ਤਪਤ ਕਰ ਬਾਰੇ' ਜੇ ਨਹੀਂ ਸਰੀਰ ਮੰਨਦਾ ਕਿਸੇ ਵੇਲੇ ਤੇ ਗਰਮ ਜਲ ਕਰਕੇ ਇਸ਼ਨਾਨ ਕਰ ਲਵੋ ਫੇਰ ਇੱਥੇ (ਸਾਧ ਸੰਗਤ) ਵਿਚ ਬੈਠ ਕੇ ਰਸਨਾ ਨਹੀਂ ਹਿਲਦੀ, ਕੋਈ ਕੋਲ ਬੈਠਾ ਹੋਵੇ, ਗੋਡੇ ਨੂੰ ਹੱਥ ਲਾ ਕੇ ਯਾਦ ਕਰਵਾ ਦਿੱਤਾ ਕਿ ਰਸਨਾ ਹਿਲਾ ਕੇ ਭਜਨ ਕਰੋ।

ਜੇ ਅਸੀਂ ਨਾਮ ਨਹੀਂ ਜਪਦੇ ਤੁਸੀਂ ਯਕੀਨ ਰੱਖੋ ਇਸ ਗੱਲ ਦਾ ਕੀ ਕਦੇ ਕੋਈ ਸਾਨੂੰ ਬਾਹਰਲਾ ਆਦਮੀ ਘਟਾ ਨਹੀ ਸਕਦਾ ਕੋਈ ਸਾਡੀ ਗਿਣਤੀ ਨਹੀਂ ਘਟਾ ਸਕਦਾ ਸਾਰੀ ਦੁਨੀਆਂ ਦੀ ਤਾਕਤ ਨਹੀਂ ਕੁੱਝ ਕਰ ਸਕਦੀ। ਘਟਦੇ ਅਸੀਂ ਕਦੋਂ ਹਾਂ ਸਿੱਖਾਂ ਦਾ ਇਕ ਵਿਚਾਰ ਹੈ ਕਿ ਹਿੰਦੂ ਖਾ ਜਾਣਗੇ ਸਾਨੂੰ ਅੰਗਰੇਜ਼ ਖਾ ਜਾਣਗੇ, ਸਾਨੂੰ ਦੂਸਰਾ ਖਾ ਜਾਏਗਾ ਸੱਚੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਅਨੁਸਾਰ ਸਿੱਖ ਕਦੋਂ ਘਟਦੇ ਨੇ-

"ਹਰਿਹਾਂ ਜਬ ਬਿਸਰੈ ਗੋਬਿੰਦ ਰਾਇ ਦਿਨੋ ਦਿਨ ਘਟੀਐ।"

"ਗੁਰ ਗਿਆਨ ਮਾਲਾ"

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA



ਅੰਮ੍ਰਿਤ-ਨਾਮੁ

"ਅੰਮ੍ਰਿਤ" ਸ਼ਬਦ ਦਾ ਅਰਥ ਹੈ ਕਿ ਜੋ ਮ੍ਰਿਤੂ ਤੋਂ ਰਹਿਤ ਕਰ ਦੇਂਦਾ ਹੈ। ਜਿਹੜਾ ਅਸੀਂ ਖੰਡੇ-ਬਾਟੇ ਦਾ ਅਮ੍ਰਿਤ ਛਕਦੇ ਹਾਂ, ਇਹ ਬਾਹਰ ਦੀ ਰਹਿਤ ਹੈ, ਅੰਦਰ ਦੀ ਰਹਿਤ ਵਾਸਤੇ-

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥


ਜੀਵਨ 'ਨਾਮੁ' ਤੋਂ ਬਿਨਾਂ ਨਹੀਂ - '**ਆਖਾ ਜੀਵਾ**' ਗੁਰੂ ਨਾਨਕ ਨੇ ਲਿਖਿਆ ਹੈ '**ਵਿਸਰੈ ਮਰਿ ਜਾਉ**'। ਮੌਤ ਹੈ ਉਸਦੇ ਵਿਸਰਨ ਨਾਲ ਅਤੇ '**ਆਖਣਿ ਅਉਖਾ ਸਾਚਾ ਨਾਉ**'। ਦਵਾਈ ਕਉੜੀ ਪੀਣੀ ਬੜੀ ਔਖੀ ਹੈ, ਪਰ ਉਹ ਫਾਇਦਾ ਕਰਦੀ ਹੈ। ਨਿੰਮ ਬੜੀ ਕੌੜੀ ਹੈ, ਪਰ ਉਹਦੇ ਗੁਣ ਬੜੇ ਨੇ। ਜਦੋਂ ਆਦਮੀ ਮਾਇਆ ਵਿੱਚ ਖਚਤ ਹੋ ਜਾਂਦਾ ਹੈ, ਉਹਨੂੰ ਇਹ ਨਾਮ ਕੌੜਾ ਲਗਦਾ ਹੈ।

ਅੰਮ੍ਰਿਤੁ ਕਉਰਾ ਬਿਖਿਆ ਮੀਠੀ,
ਸਾਕਤ ਕੀ ਬਿਧਿ ਨੈਨਹੁ ਡੀਠੀ ॥

ਜਦੋਂ ਨਾਮ ਕੌੜਾ ਲੱਗਣ ਲੱਗ ਪਏ ਤਾ ਸਮਝ ਲਵੋ ਕਿ ਉਹ ਆਦਮੀ ਸਾਕਤ ਹੋ ਗਿਆ ਹੈ। ਸਤਿਗੁਰ ਵਾਲੇ ਪਾਸੇ ਮੂੰਹ ਰੱਖਣ ਨਾਲ ਮਾਇਆ ਪ੍ਰਭਾਵ ਨਹੀਂ ਪਾ ਸਕਦੀ । ਗਰੜ ਉਦਗਾਰ ਇੱਕ ਬੂਟੀ ਹੈ, ਉਸਨੂੰ ਮੂੰਹ ਵਿੱਚ ਰੱਖ ਕੇ ਸੱਪ ਵੀ ਲੜਾ ਲਵੋ ਤਾਂ ਮਨੁੱਖ ਤੇ ਜਹਿਰ ਦਾ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਸਤਿਗੁਰੂ ਦੇ ਹੁਕਮ ਅਨੁਸਾਰ ਨਾਮ ਜਪਣ ਨਾਲ, ਮਾਇਆ ਰੂਪੀ ਜ਼ਹਿਰ ਦਾ ਅਸਰ ਨਹੀਂ ਹੁੰਦਾ।

"ਗੁਰ ਗਿਆਨ ਮਾਲਾ"
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

"ਨਾਮ-ਰਤਨ"



ਜੇ ਨਾਮ ਜੱਪਣ ਵੱਲ ਸਾਡਾ ਧਿਆਨ ਹੋਵੇ ਤਾ ਸਾਨੂੰ ਕੋਈ ਚੀਜ ਦੁੱਖ ਨਹੀਂ ਦੇ ਸਕਦੀ, ਤੁਸੀ ਨਾਮਧਾਰੀ ਆਪ ਇਹ ਕੰਮ ਕਰੋ, ਜਿਸ ਨੂੰ ਆਪ ਸੁੱਖ ਪ੍ਰਾਪਤ ਹੋਵੇ, ਜਿਹੜਾ ਏਅਰ ਕੰਡੀਸਨਰ ਕਮਰੇ 'ਚ ਬੈਠਾ ਹੋਵੇ, ਉਹ ਦੂਸਰਿਆਂ ਨੂੰ ਦੱਸੇ ਕਿ ਐਸ ਤਰਾਂ ਦਾ ਏਅਰ ਕੰਡੀਸਨਰ ਕਮਰੇ 'ਚ ਲਾ ਲਈਏ ਤੇ ਠੰਡ ਪੈ ਜਾਂਦੀ ਹੈ, ਉਹਨਾਂ ਨੂੰ ਦੱਸਣਾ ਚਾਹੀਦਾ ਹੈ-


ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ।
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ।
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ।
ਨਾਮ ਬਿਨਾ ਜਨਮੁ ਬਿਰਥਾ ਜਾਏ ॥

ਉਹ ਗੱਲ ਫੇਰ ਮੇਰੀ ਯਾਦ ਰੱਖਿਓ, ਇੱਕ-ਇੱਕ ਘੰਟਾ ਨਾਮੁ ਸਿਮਰਨ ਹਰ ਜੀਅ ਪ੍ਰਤੀ ਜਰੂਰ ਕਰਿਆ ਕਰੋ ਅਰ ਉਸਨੂੰ ਇਸ ਤਰ੍ਹਾਂ ਸਰੰਜਾਮਿ ਦਿਓ ਕਿ ਜਦੋਂ ਕਿਸੇ ਦੇ ਘਰ ਵਿੱਚ ਬੱਚਾ ਜਨਮ ਲਵੇ, ਤਾ ਉਹਦੇ ਮਾਤਾ-ਪਿਤਾ ਉਹਦੇ ਵਾਸਤੇ ਇੱਕ ਘੰਟਾ ਨਾਮ ਸਿਮਰਨ ਕਰਨਾ ਸੁਰੂ ਕਰ ਦੇਣ, ਜਦੋਂ ਉਹ ਬੱਚਾ ਜਵਾਨ ਹੋਵੇ, ਉਹਨੂੰ ਆਖਣ, ਬੱਚਾ ਹੁਣ ਤੱਕ ਤੇਰੇ ਐਨੇ ਘੰਟੇ ਪੂਰੇ ਹੋ ਗਏ ਨੇ, ਹੁਣ ਤੋਂ ਤੂੰ ਆਪ ਕਰਨੇ ਨੇ । ਉਹਦੇ ਵਾਸਤੇ ਜਮੀਨ-ਜਾਇਦਾਦ ਬਣਾਉਂਦੇ ਹੋ, ਹੋਰ ਕਈ ਕੁੱਝ ਬਣਾਉਂਦੇ ਹੋ । ਇਹ ਨਾਮੁ-ਸਿਮਰਨ ਬਣਾਓ ਉਹਦੇ ਵਾਸਤੇ । ਜਦੋਂ ਬੱਚੇ ਜਵਾਨ ਹੋ ਜਾਂਦੇ ਨੇ, ਜਿਹੜੇ ਮਾਤਾ-ਪਿਤਾ, ਬੱਚਿਆਂ ਨੂੰ ਪੜਾਉਂਦੇ ਨਹੀਂ, ਉਹ ਬੱਚੇ ਆਖਦੇ ਨੇ ਕਿ ਮੈ ਤੇ ਬੱਚਾ ਸਾਂ, ਪਰ ਮੇਰੇ ਮਾਤਾ-ਪਿਤਾ, ਨੇ ਵੀ ਨਹੀਂ ਧਿਆਨ ਦਿੱਤਾ, ਮੈਨੂੰ ਪੜਾਇਆ ਨਹੀਂ । ਵੱਡਿਆਂ ਹੋ ਕੇ ਜੇ ਬੱਚਿਆਂ ਦੇ ਧਿਆਨ 'ਚ ਆਇਆ ਤਾਂ ਉਹ ਜਰੂਰ ਆਖਣਗੇ ਕਿ ਸਾਡੇ ਮਾਤਾ-ਪਿਤਾ ਨੇ ਵੀ ਸਾਨੂੰ ਨਾਮ-ਸਿਮਰਨ ਵੱਲ ਨਹੀਂ ਲਾਇਆ, ਮੈ ਤੇ ਬੱਚਾ ਸਾਂ । ਸੋ ਤਗੜੇ ਹੋ ਕੇ ਇੱਕ-ਇੱਕ ਘੰਟਾ ਨਾਮ ਸਿਮਰਨ, ਰੋਜਾਨਾ ਹਰ ਜੀਅ ਪ੍ਰਤੀ ਅਤੇ ਇੱਕ-ਇੱਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਦਾ ਹਰ ਘਰ ਪ੍ਰਤੀ ਮਹੀਨੇ ਦਾ ਜਰੂਰ ਕਰਿਆ ਕਰੋ ।

"ਗੁਰ ਗਿਆਨ ਮਾਲਾ"
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ੴ
NAMDHARI SANGAT
LUDHIANA

"ਨਾਮੁ-ਮਹਾਤਮ"



ਜੇ ਬੱਚਾ ਹੱਲ ਨਾ ਲੈ ਕੇ ਜਾਵੇ ਤਾਂ ਉਹਦੇ ਮਗਰ ਪੈ ਜਾਂਦੇ ਹੋ ਕਿ ਹੱਲ ਕਿਉਂ ਨਹੀਂ ਲੈਕੇ ਗਿਆ ਤੂੰ ? ਰੋਟੀ ਕਿਥੋਂ ਖਾਣੀ ਹੈ। ਕਦੇ ਇਹ ਵੀ ਬੱਚਿਆਂ ਨੂੰ ਦੱਸਿਆ ਕਰੋ-

ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥


ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਕਿ ਬਾਣੀ, ਨਾਮ ਦੇ ਗੁਣਾਂ ਦਾ ਉਚਾਰ ਕਰਦੀ ਹੈ। ਤੁਸੀ ਦਵਾਈ ਦਾ ਨਾਮ ਪੜ੍ਹਦੇ ਹੋ- ਕੁਨੀਨ, ਖਾਣ ਨਾਲ ਤਾਪ ਲਹਿ ਜਾਂਦਾ ਹੈ। ਐਰਗਾਪਾਇਨ ਖਾਣ ਨਾਲ ਜੋੜਾਂ ਦੀਆਂ ਦਰਦਾਂ ਹੱਟ ਜਾਂਦੀਆਂ ਨੇ, ਸਭ ਦੀਆਂ ਤਰੀਫਾਂ ਲਿਖੀਆਂ ਨੇ। ਇਸੇ ਤਰ੍ਹਾਂ ਹੀ ਜਿਹੜਾ ਸਤਿਗੁਰਾਂ ਨੇ ਨਾਮ ਦੀ ਤਾਰੀਫ ਲਿਖੀ ਹੈ-

ਭਰੀਐ ਮਤਿ ਪਾਪਾ ਕੈ ਸੰਗਿ,
ਓਹੁ ਧੋਪੈ ਨਾਵੈ ਕੈ ਰੰਗਿ ॥

"ਗੁਰ ਗਿਆਨ ਮਾਲਾ"
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

"ਨਾਮ ਜਪੋ ਜਨਮ ਸਫਲ ਕਰੋ"




ਮੇਰਾ ਇਹ ਜੀਅ ਕਰਦਾ ਹੈ ਕਿ ਮੈ ਤੁਹਾਨੂੰ ਸਾਰਿਆਂ ਨੂੰ ਇਹ ਗੱਲ ਆਖਾਂ ਕਿ ਤੁਸੀਂ ਜਿਹੜੇ-ਜਿਹੜੇ ਵੀ ਧਰਮ ਨੂੰ ਮੰਨਦੇ ਹੋ, ਤੜਕੇ (ਅਮ੍ਰਿਤ ਵੇਲੇ) ਉੱਠਿਆ ਕਰੋ, ਮਾਸ-ਸਰਾਬ, ਆਂਡੇ, ਸਿਗਰੇਟ ਦੀ ਵਰਤੋਂ ਨਾਂ ਕਰੋ ਅਤੇ ਰੱਬ ਨੂੰ ਆਪਣੇ-ਆਪਣੇ ਤਰੀਕੇ ਨਾਮ ਜਰੂਰ ਯਾਦ ਕਰਿਆ ਕਰੋ। ਤੁਸੀ ਜਾਣਦੇ ਹੋ ਕਿ ਏਥੇ ਇੰਗਲੈਂਡ ਵਿੱਚ ਵੀਜਾ ਲਵਾ ਕੇ ਆਏ ਹੋ। ਜਿਹੜੀ ਤਾਰੀਖ ਨੂੰ ਵੀਜਾ ਮੁੱਕ ਜਾਣਾ ਹੈ, ਫੇਰ ਤੁਸਾਂ ਏਥੇ ਰਹਿ ਨਹੀਂ ਸਕਣਾ। ਏਸੇ ਤਰਾਂ ਹੀ ਅਸੀਂ ਜਿਨ੍ਹਾਂ ਨੇ ਜਨਮ ਲਿਆ ਹੈ, ਸਾਨੂੰ ਵੀਜਾ ਮਿਲਿਆ ਹੈ ਕਿ ਏਨੇ ਸਾਲ ਉਮਰ ਭੋਗਣੀ ਹੈ ਤੇ ਫੇਰ ਏਥੋਂ ਚਲੇ ਜਾਣਾਂ ਹੈ। ਇਹ ਯਾਦ ਰੱਖਿਆ ਕਰੋ ਕਿ ਏਥੇ ਇੰਗਲੈਂਡ ਵਿੱਚ ਆਏ ਹੋ, ਜੇ ਕੁੱਝ ਚੰਗੇ ਕੰਮ ਕਰ ਜਾਂਦੇ ਹੋ ਤਾਂ ਤੁਹਾਡੀ ਤਾਰੀਫ ਹੋਵੇਗੀ। ਏਸੇ ਤਰ੍ਹਾਂ ਦੁਨੀਆਂ 'ਤੇ ਆਏ ਹੋ, ਜੇ ਕੁਝ ਚੰਗੇ ਕੰਮ ਕੀਤੇ ਨੇ ਤਾ ਏਥੇ ਅਤੇ ਅੱਗੇ ਦਰਗਾਹ ਵਿੱਚ ਤੁਹਾਡੀ ਤਾਰੀਫ ਹੋਣੀ ਹੈ।

"ਗੁਰ ਗਿਆਨ ਮਾਲਾ"
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

"ਐਸਾ ਸਿਮਰਹੁ ਨਿਤ"



ਆਦਿ ਕਾਲ ਤੋਂ ਇਹ ਗੱਲ ਚੱਲੀ ਆਉਂਦੀ ਹੈ, ਜਿਸ ਵੇਲੇ ਸਾਡਾ ਕੋਈ ਚਾਰਾ ਨਹੀਂ ਚਲਦਾ, ਫੇਰ ਅਸੀਂ ਸਤਿਗੁਰੂ ਵਾਲੇ ਪਾਸੇ ਲਗਦੇ ਹਾਂ, ਫੇਰ ਆਖਦੇ ਹਾਂ, ਅਖੰਡ ਪਾਠ ਕਰੋ, ਸਤਿਗੁਰੂ ਦਾ ਨਾਮ ਲਵੋ, ਯਾਦ ਕਰੋ ਸਤਿਗੁਰੂ ਨੂੰ।

ਕਬੀਰ ਜੀ ਨੇ ਲਿਖਿਆ ਹੈ-

"ਕਬੀਰ ਕਾਮ ਪਰੇ ਹਰਿ ਸਿਮਰੀਐ" ਪਹਿਲੋਂ ਨਹੀਂ ਯਾਦ ਆਉਂਦਾ।

"ਕਾਮ ਪਰੇ ਹਰਿ ਸਿਮਰੀਐ, ਐਸਾ ਸਿਮਰਹੁ ਨਿਤ॥"ਸਤਿਗੁਰੂ ਕਿਰਪਾ ਕਰੇ, ਜੇ ਇਸ ਤਰ੍ਹਾਂ ਅਸੀਂ ਯਾਦ ਕਰ ਸਕੀਏ।

"ਅਮਰਾਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ॥"

ਗਈ ਹੋਈ ਚੀਜ਼ ਵਾਪਸ ਆ ਸਕਦੀ ਹੈ ਜੇ ਇਸ ਤਰ੍ਹਾਂ ਸੱਚੀਂ - ਮੁੱਚੀ ਸਾਡੇ ਤੋਂ ਯਾਦ ਹੋ ਸਕੇ।

"ਗੁਰ ਗਿਆਨ ਮਾਲਾ"
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ੴ
NAMDHARI SANGAT
LUDHIANA



"ਨਾਮੁ ਜਪਣ ਦੀ ਮਰਿਯਾਦਾ"

ਨਾਮੁ ਜਪਣ ਦੀ ਮਰਿਯਾਦਾ ਹੈ ਕਿ ਹੁਕਮ ਅਨੁਸਾਰ ਗੁਰਮੰਤਰ ਲਿਆ ਜਾਵੇ।
ਅੱਜ-ਕੱਲ ਬੜਾ ਭੁਲੇਖਾ ਪਾ ਦਿਤਾ ਹੈ, ਕਈਆਂ ਨੇ ਕਿ ਜੀ ਅੰਮ੍ਰਿਤ ਛਕਿਆ ਹੈ। ਅੰਮ੍ਰਿਤ ਜਿਹੜਾ ਹੈ, ਉਹ ਨਾਮੁ ਨਹੀ ਹੈਗਾ। ਨਾਮੁ ਉਹ ਹੈ ਜਿਹੜਾ ਲਿਖਿਆ ਹੈ, 'ਮੰਤ੍ਰੁ ਦੀਓ ਗੁਰ ਕਾਨ'।
ਕੰਨ ਵਿੱਚ ਦਿੱਤਾ ਜਾਂਦਾ ਹੈ, ਅੰਮ੍ਰਿਤ ਤੇ ਮੂੰਹ ਨਾਲ ਛਕਣਾ ਹੈ। 'ਮਹਾ ਮੰਤ੍ਰੁ ਗੁਰ ਹਿਰਦੈ ਬਸਿਓ'। ਉਹਨੂੰ ਲੈ ਕੇ ਜਿੰਨਾ ਚਿਰ ਨਾ ਜੱਪਿਆ ਜਾਵੇ, ਓਨਾ ਚਿਰ ਇਸ ਸੰਸਾਰ ਤੇ ਆਉਣ ਦਾ ਸਾਨੂੰ ਲਾਭ ਨਹੀਂ ।


ਆਇਓ ਸੁਨਨ ਪੜਨ ਕਉ ਬਾਣੀ ॥
ਨਾਮ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥
ਸਮਝੁ ਅਚੇਤ ਚੇਤਿ ਮਨ ਮੇਰੇ, ਕਥੀ ਸੰਤਨ ਅਕਥ ਕਹਾਣੀ ॥
ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ ॥

ਉਸਦਾ ਫਾਇਦਾ ਤਾਂ ਹੈ ਜੇ ਅਸੀਂ ਨਾਮ ਜਪੀਏ ਤੇ ਇਹ ਆਉਣਾ-ਜਾਣਾ (ਜਨਮ-ਮਰਣ ਦਾ ਗੇੜਾ) ਸਾਡਾ ਛੁੱਟ ਜਾਵੇ ।

"ਗੁਰ ਗਿਆਨ ਮਾਲਾ"

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA



"ਸੀਤਲੁ ਥੀਵੈ ਨਾਨਕਾ"

ਚੰਦਨ ਠੰਢਾ ਮੰਨਿਆ ਗਿਆ ਹੈ। ਚੰਦ ਦੀ ਚਾਨਣੀ ਰਾਤ ਨੂੰ ਬਹੁਤ ਠੰਢਾ ਮੰਨਿਆ ਜਾਂਦਾ ਹੈ। ਜਿਸ ਵੇਲੇ ਸਿਆਲ ਦਾ ਮਹੀਨਾ ਹੁੰਦਾ ਹੈ,ਉਸ ਵੇਲੇ ਬਹੁਤ ਠੰਢ ਪੈਂਦੀ ਹੈ। ਪਰ ਇਹ ਸਾਰੀ ਪ੍ਰਕਾਰ ਦੀ ਠੰਢ ਮਨ ਦੀ ਸੜਨ ਨੂੰ, ਗਰਮੀ ਨੂੰ ਠੰਢਾ ਨਹੀਂ ਕਰਦੀ।


ਮਨ ਨੂੰ ਠੰਢਾ ਕਰਨ ਵਾਸਤੇ ਇੱਕ ਨਾਮ ਹੀ ਹੈ,ਜਿਸ ਬਾਰੇ ਸਤਿਗੁਰੂ ਜੀ ਨੇ ਲਿਖਿਆ ਹੈ:

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥

"ਗੁਰ ਗਿਆਨ ਮਾਲਾ"

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA




ਨਾਮ ਜੱਪਣ ਵਾਸਤੇ

ਨਾਮ ਜੱਪਣ ਵਾਸਤੇ ਹਿਰਦੇ ‘ਚੋਂ ਕਾਮ,
ਕ੍ਰੋਧ, ਲੋਭ, ਮੋਹ, ਅਹੰਕਾਰ ਅਦਿ ਬਦਬੂਆਂ ਕੱਢੀਆਂ ਜਾਣ। ਸੱਤ, ਸੰਤੋਖ,
ਦਇਆ, ਧਰਮ, ਪ੍ਰੇਮ,ਵੈਰਾਗ ਅਦਿ ਵਰਗੀਆਂ ਖੁਸ਼ਬੂਆਂ ਵੱਸਣ ਤਾ ਹੀ
ਹਿਰਦੇ ਵਿੱਚ ਨਾਮ ਦਾ ਵਾਸਾ ਹੋ ਸਕਦਾ ਹੈ।
ਨਾਮ ਜੱਪਣ ਤੋਂ ਬਿਨਾਂ ਕੰਮ ਵਿੱਚ ਬਰਕਤ ਨਹੀਂ ਪੈਂਦੀ, ਜੇ ਧਨ ਜੁੜ ਵੀ ਜਾਵੇ
ਤਾਂ ਉਹ ਸਾਂਤੀ ਨਹੀਂ ਦਿੰਦਾ, ਬੇਚੈਨੀ ਬਣੀ ਰਹਿੰਦੀ ਹੈ।

"ਗੁਰ ਗਿਆਨ ਮਾਲਾ"

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA



ਅੰਮ੍ਰਿਤ ਵੇਲੇ ਉੱਠੋ ਅਤੇ ਨਾਮ ਜਪੋ


ਜਿਹੜੇ ਨੌਜਵਾਨ ਬੱਚੇ-ਬੱਚੀਆਂ ਨੇ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸੂਰਜ ਚੜਨ ਤੋਂ ਘੱਟੋ-ਘੱਟ ਦੋ ਘੰਟੇ ਪਹਿਲਾਂ ਜ਼ਰੂਰ ਉੱਠਿਆ ਕਰਨ। ਇਕ ਘੰਟਾ ਤਾਂ ਇਸ਼ਨਾਨ ਕਰਨ ਨੂੰ ਲੱਗ ਜਾਂਦਾ ਹੈ, ਬਾਕੀ ਇੱਕੋ ਘੰਟਾ ਬਚਦਾ ਹੈ, ਸਤਿਗੁਰਾਂ ਦਾ ਹੁਕਮ ਸਵਾ ਪਹਿਰ ਤੜਕੇ ਬੈਠ ਕੇ ਭਜਨ ਕਰਨ ਦਾ ਹੈ। ਸਵਾ ਪਹਿਰ ਦਾ ਮਤਲਬ ਹੈ ਤਿੰਨ ਘੰਟੇ ਸੂਰਜ ਤੋਂ ਪਹਿਲੋਂ....।

ਤੁਸੀਂ ਜਿਹੜੇ ਜਿਹੜੇ ਧਰਮ ਨੂੰ ਮੰਨਦੇ ਹੋ, ਆਪਣੇ ਧਰਮ ਦੇ ਮੁਤਾਬਕ ਠੀਕ ਚੱਲੋ ਨਮਾਜ਼ ਪੜ੍ਹੋ, ਪੂਜਾ ਕਰੋ, ਭਜਨ ਕਰੋ। ਲੇਕਿਨ ਇਹ ਤੁਸੀਂ ਚੇਤਾ ਰੱਖੋ ਕਿ ਸਾਰਿਆਂ ਦੇ ਵਾਸਤੇ ਅੰਮ੍ਰਿਤ ਵੇਲੇ ਉੱਠਣਾ ਬਹੁਤ ਜ਼ਰੂਰੀ ਹੈ। ਏਥੇ ਸਾਰੇ ਇਕੱਠੇ ਹੋ ਜਾਂਦੇ ਹਨ। ਜਿਹੜੇ ਚਾਹੁੰਦੇ ਨੇ ਕੇ ਸਾਡਾ ਭਜਨ-ਬਾਣੀ ਦਾ, ਸੇਵਾ ਦਾ, ਕਿਸੇ ਨੂੰ ਪਤਾ ਹੀ ਨਾ ਲੱਗੇ, ਅਸਲ ਧਨ ਤੇ ਉਹ ਸਾਂਭਦੇ ਨੇ। ਕੋਈ ਆਦਮੀ ਪੈਸੇ ਕਮਾਉਂਦਾ ਹੈ, ਉਹ ਐਹੋ ਜਿਹੇ ਥਾਂ 'ਤੇ ਲੁਕੋ ਕੇ ਰੱਖਦਾ ਹੈ ਕਿ ਕਿਸੇ ਨੂੰ ਪਤਾ ਨਾ ਲੱਗੇ। ਜਿਹੜੇ ਸਿੱਖ ਰਾਤ ਨੂੰ ਗਿਆਰਾਂ-ਬਾਰਾਂ ਵਜੇ ਉੱਠ ਕੇ ਭਜਨ ਬਾਣੀ ਕਰਦੇ ਨੇ ਤੇ ਫੇਰ ਪਤਾ ਨਹੀਂ ਲੱਗਣ ਦੇਂਦੇ ਕਿਸੇ ਨੂੰ, ਉਹ ਬਹੁਤ ਧੰਨ ਨੇ। ਸਤਿਗੁਰ ਕ੍ਰਿਪਾ ਕਰੇ, ਸਾਨੂੰ ਵੀ ਉਹ ਜੀਵਨ ਪ੍ਰਾਪਤ ਹੋਵੇ।

"ਗੁਰ ਗਿਆਨ ਮਾਲਾ"

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਿਮਰਨ ਦੀ ਤਾਕਤ



ਜਿਹੜਾ ਸਤਿਗੁਰਾਂ ਨੇ ਹੁਕਮ ਲਿਖਿਆ ਹੈ, ਗੁਰੂ ਨਾਨਕ ਨੇ,
ਭਰੀਐ ਮਤਿ ਪਾਪਾ ਕੈ ਸੰਗਿ, ਓਹੁ ਧੋਪੈ ਨਾਵੈ ਕੈ ਰੰਗਿ'।
ਨਾਮ ਦੀ ਮਹਿਮਾ ਬਾਣੀ ਵਿੱਚ ਬਹੁਤ ਲਿਖੀ ਹੈ। ਇਥੋਂ ਤੱਕ ਲਿੱਖ ਦਿੱਤਾ ਹੈ ਕਿ-
'ਨਾਮ ਤੁਲਿ ਕਛੁ ਅਵਰੁ ਨ ਹੋਇ'॥
ਪਰ ਤੁਸੀਂ ਇਹ ਵੇਖੋ ਕਿ ਕਿੰਨਿਆਂ ਗੁਰਦੁਆਰਿਆਂ ਵਿੱਚ ਨਾਮੁ ਜੱਪਿਆ ਜਾਂਦਾ ਹੈ, ਬਾਣੀ ਬੇਸ਼ੱਕ ਜਿਨੀ ਮਰਜੀ ਪੜੀਏ। ਪਰ ਨਾਮ ਜਪਿਆ ਕਰੋ, ਜੋ ਜੋ ਕਿਸੇ ਨੇ ਆਪਣੇ ਗੁਰੂ ਤੋਂ ਪੁੱਛਿਆ ਹੈ, ਘੱਟੋ-ਘੱਟ ਇੱਕ ਘੰਟਾ ਬੈਠ ਕੇ ਸਿਮਰਨ ਜਰੂਰ ਕਰਿਆ ਕਰੋ। ਸਿਮਰਨ ਦੀ ਤਾਕਤ ਇਸ ਤਰਾਂ ਦੀ ਹੈ, ਕਹਿੰਦੇ ਨੇ ਕੂੰਜ ਬੱਚੇ ਦੇ ਆਉਂਦੀ ਹੈ, ਪਹਾੜਾਂ ਵਿੱਚ, ਜਿੰਨੇ ਬੱਚੇ ਉਹਨੂੰ ਯਾਦ ਰਹਿ ਜਾਂਦੇ ਨੇ, ਉਹ ਬਚ ਜਾਂਦੇ ਨੇ, ਜਿਹੜੇ ਯਾਦ ਨਾ ਰਹਿਣ ਉਹ ਮਰ ਜਾਂਦੇ ਨੇ।
ਊਡੇ ਊਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ॥
ਸੋ ਉਹ ਸਿਮਰਨ ਕਰੋ ਜੋ-ਜੋ ਆਪਣੇ ਗੁਰੂ ਤੋ ਪੁੱਛਿਆ ਹੈ, ਇੱਕ-ਇੱਕ ਘੰਟਾ, ਤੁਸੀਂ ਪਿੰਡਾਂ ਵਾਲੇ, ਘਰਾਂ ਵਾਲੇ, ਸਾਰੇ ਇਕੱਠੇ ਬੈਠ ਕੇ ਕਰੋ। ਹੋਰ ਗੱਲਾਂ ਅਸੀਂ ਸਭ ਕਰਦੇ ਹਾਂ, ਵਪਾਰ ਵਿੱਚ ਹਿੰਦੂ, ਮੁਸਲਮਾਨ, ਈਸਾਈ ਸਭ ਇਕੱਠੇ ਹੋ ਜਾਂਦੇ ਨੇ, ਸੋ **'ਇਹੁ ਵਾਪਾਰੁ ਵਿਰਲਾ ਵਾਪਾਰੈ'॥** ਸਾਰੇ ਇਕੱਠੇ ਬੈਠ ਕੇ ਕਰਿਆ ਕਰੋ। ਸੋ 'ਗੁਰ ਮੰਤ੍ਰ ਹੀਣਸੵ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।' ਇਹਨਾਂ ਤੁਕਾਂ ਨੂੰ ਯਾਦ ਕਰੋ, ਮੰਤਰ ਲੈ ਕੇ ਉਹਦਾ ਸਿਮਰਨ ਕਰਿਆ ਕਰੋ।
ਬਾਣੀ ਨਾਮ ਦੀ ਤਾਰੀਫ ਕਰਦੀ ਹੈ। ਜਦੋਂ ਬਾਣੀ ਪੜਦੇ ਹਾਂ, ਸਾਡੇ ਮਨ ਵਿੱਚ ਜਰੂਰ ਨਾਮ ਵਾਸਤੇ ਸ਼ਰਧਾ ਪੈਦਾ ਹੁੰਦੀ ਹੈ। ਗੁਰੂ ਦੀ ਕੀ ਤਾਰੀਫ ਹੈ, ਗੁਰੂ ਨੂੰ ਕਿਸ ਤਰ੍ਹਾਂ ਮਿਲਣਾ ਹੈ, ਸੇਵਕ ਕਿਸ ਤਰ੍ਹਾਂ ਦਾ ਹੈ-
ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨਿ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥
ਇਹ ਬਾਣੀ ਪੜ੍ਹੋ ਨਾਮੁ ਜੱਪੋ, ਸਿਮਰਨ ਕਰੋ। ਪਿਆਰ ਕਰੋ, ਇੱਕ-ਦੂਸਰੇ ਨਾਲ।

"ਗੁਰ ਗਿਆਨ ਮਾਲਾ"

ਪੂਜਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ੴ
NAMDHARI SANGAT
LUDHIANA

ਕਲਿਜੁਗ ਵਿਚ ਭਗਤੀ



ਨਾਮ ਜੱਪਣ ਵਾਲਿਆਂ ਨੂੰ ਦਿਲ ਨਹੀਂ ਤੋੜਨਾ ਚਾਹੀਦਾ।
ਤੁਸਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਸਰਵਣ ਕੀਤਾ ਹੈ, ਭਗਵਾਨ ਕ੍ਰਿਸ਼ਨ ਦਾ ਉਹ ਦ੍ਰਿਸ਼ ਜਦੋਂ ਗੋਪੀਆਂ ਨਾਲ ਬਹੁਤ ਨੇੜਤਾ ਕੀਤੀ, ਗੋਪੀਆਂ ਨੇ ਸਮਝਿਆ ਕਿ ਹੁਣ ਭਗਵਾਨ ਸਾਡੇ ਵੱਸ ਵਿੱਚ ਹੋ ਗਏ ਹਨ। ਭਗਵਾਨ ਅਲੋਪ ਹੋ ਗਏ। ਫੇਰ ਗੋਪੀਆਂ ਨੇ ਬਹੁਤ ਤਰਲੇ ਮਿੰਨਤਾਂ ਕੀਤੀਆ। ਸਤਿਜੁਗ, ਤ੍ਰੇਤਾ, ਦੁਆਪਰ ਦੇ ਭਗਤਾਂ ਦੇ ਵਾਸਤੇ ਪਾਏ ਤਾਂ ਨਹੀਂ ਦਰਸ਼ਨ ਹੋਏ ਭਗਵਾਨ ਦੇ। ਜਦੋਂ ਕਲਿਜੁਗ ਦੇ ਭਗਤਾਂ ਦਾ ਵਾਸਤਾ ਪਾਇਆ ਤਾਂ ਭਗਵਾਨ ਉਸੇ ਵੇਲੇ ਪਰਗਟ ਹੋ ਗਏ। ਗੋਪੀਆਂ ਨੇ ਪੁੱਛਿਆ ਕਿ ਸਤਿਜੁਗ, ਤ੍ਰੇਤਾ, ਦੁਆਪਰ ਦੇ ਬਿਰਤੀਆਂ ਟਿਕਾ ਕੇ ਭਜਨ ਕਰਨ ਵਾਲੇ ਏਨੇ ਸਾਧੂ, ਏਨੀਆਂ ਵੱਡੀਆਂ ਉਮਰਾਂ ਵਾਲੇ, ਏਨਾਂ ਲੰਮਾ ਸਮਾਂ ਨਾਮ ਜੱਪਣ ਵਾਲੇ ਸਾਧੂਆਂ, ਭਗਤਾਂ ਦੇ ਨਾਮ ਦਾ ਵਾਸਤਾ ਪਾਉਣ ‘ਤੇ ਤੁਸੀ ਨਾ ਆਏ, ਪਰ ਕਲਿਜੁਗ ਦੇ ਭਗਤਾਂ ਦਾ ਵਾਸਤਾ ਪਾਉਣ ‘ਤੇ ਝੱਟ ਪ੍ਰਗਟ ਹੋ ਗਏ ਹੋ ਤਾਂ ਭਗਵਾਨ ਨੇ ਆਖਿਆ ਕਿ ਉਨਾਂ ਯੁੱਗਾਂ ਵਿਚ ਤਾਂ ਭਜਨ ਕਰਨਾ ਕੋਈ ਔਖਾ ਹੀ ਨਹੀਂ। ਸਤਿਜੁਗ, ਤ੍ਰੇਤੇ, ਦੁਆਪਰ ਵਿਚ ਭਗਵਾਨ ਨੇ ਮਾਇਆ ਸੰਕੋਚ ਕੇ ਰੱਖੀ ਸੀ। ਕਲਿਜੁਗ ਵਿਚ ਪਾਪਾਂ ਦਾ ਭਾਰ , ਮਾਇਆ ਦਾ ਫੈਲਾਓ ਸਾਡੇ ਦੁਆਲੇ ਹੈ। ਇਸ ਵਿਚੋਂ ਨਿਕਲਕੇ ਫੇਰ ਵੀ ਜਿਹੜੇ ਨਾਮ ਜੱਪਦੇ ਨੇ, ਇਹ ਕਿਰਪਾ ਹੈ ਸਤਿਗੁਰਾਂ ਦੀ, ਤਾਂ ਹੀ ਇਸ ਕਲੂਕਾਰ ਵਿੱਚ ਧਰਮ-ਕਰਮ ਹੋ ਸਕਦੇ ਹਨ।

“ਗੁਰ ਗਿਆਨ ਮਾਲਾ”

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA



ਮਨ ਨਾ ਵੀ ਟਿਕੇ ਤਾਂ ਵੀ ਨਾਮ ਜੱਪੋ


ਜਦੋਂ ਕਈ ਵੇਰਾਂ ਬਹੁਤ ਸਾਰੇ ਸਰੀਰਾਂ ਦੇ ਮਨ ਵਿਚ ਇਹ ਆਉਂਦਾ ਹੈ ਕਿ ਅਸੀਂ ਨਾਮ ਤਾਂ ਜੱਪਦੇ ਹਾਂ, ਪਰ ਸਾਡਾ ਧਿਆਨ ਤੇ ਲਗਦਾ ਨਹੀਂ। ਇਹ ਪਤਾ ਕਦੋਂ ਲਗਦਾ ਹੈ ਕਿ ਧਿਆਨ ਨਹੀਂ ਲੱਗਦਾ ? ਜਦੋਂ ਨਾਮ ਜੱਪਣ ਲੱਗਦੇ ਹਾਂ। ਸਿਨੇਮੇ ਵਿਚ ਬੈਠਿਆਂ ਨਹੀਂ ਪਤਾ ਲੱਗਣਾ, ਨਿੰਦਿਆ ਚੁਗਲੀ ਕਰਦਿਆਂ ਨਹੀਂ ਪਤਾ ਲੱਗਣਾ। ਇਹ ਜਦੋਂ ਉਸ ਦਰਵਾਜੇ 'ਤੇ ਉਸ ਰਾਹ ਤੇ ਅਸੀਂ ਆ ਜਾਂਦੇ ਹਾਂ, ਉਦੋਂ ਪਤਾ ਲਗਦਾ ਹੈ ਕਿ ਮਨ ਨਹੀਂ ਟਿਕਦਾ। ਜਦੋਂ ਕਿਸੇ ਨੂੰ ਪਤਾ ਲੱਗ ਜਾਂਦਾ ਹੈ ਕਿ ਮੈ ਬਿਮਾਰ ਹਾਂ ਤਾਂ ਉਹ ਕੋਈ ਚਾਰਾ ਕਰ ਲੈਂਦਾ ਹੈ। ਇੱਕ ਇਹ ਵੀ ਗੱਲ ਹੈ ਕਿ ਨਾਮ ਸਿਮਰਨ ਵੇਲੇ ਜੇ ਮਨ ਨਹੀਂ ਵੀ ਲਗਦਾ, ਪਰ ਤਨ ਬੈਠਾ ਹੁੰਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਇੱਕ ਪ੍ਰਮਾਣ ਦੇਂਦੇ ਹੁੰਦੇ ਸਨ ਕਿ ਇੱਕ ਉਹ ਬਾਂਦਰ ਹੈ, ਜਿਹੜਾ ਖੁੱਲ੍ਹਾ ਫਿਰਦਾ ਹੈ, ਲੋਕਾਂ ਦੇ ਲੀੜੇ ਪਾੜਦਾ ਹੈ। ਪਰ ਇੱਕ ਬਾਂਦਰ ਹੈ, ਜੋ ਸੰਗਲੀ ਨਾਲ ਬੰਨਿਆ ਹੈ, ਬੈਠਦਾ ਤੇ ਟਿਕ ਕੇ ਉਹ ਵੀ ਨਹੀਂ। ਉਹ ਨੁਕਸਾਨ ਨਹੀਂ ਕਿਸੇ ਦਾ ਕਰ ਸਕਦਾ, ਉੱਥੇ ਕਿੱਲੇ ਦੇ ਦੁਆਲੇ ਹੀ ਰਹੇਗਾ ਉਹ। ਇੱਕ ਹੋਰ ਮਿਸਾਲ ਹੈ, ਤੁਸੀਂ ਪ੍ਰਸ਼ਾਦਾ ਛਕਦੇ ਹੋ, ਖੀਰ ਪੂੜੇ ਖਾਂਦੇ ਹੋ, ਹੋਰ ਨਮਕੀਨ-ਨਮਕੀਨ ਪਦਾਰਥ ਖਾਂਦੇ ਹੋ, ਜੇ ਤੁਹਾਡਾ ਧਿਆਨ ਵਿਚ ਹੈ ਤਾਂ ਤੁਹਾਨੂੰ ਸਵਾਦ ਦਾ ਪਤਾ ਲਗਦਾ ਹੈ। ਨਹੀਂ ਤੇ ਇਹ ਪਤਾ ਹੀ ਨਹੀਂ ਲਗਦਾ ਲੂਣ ਵੱਧ ਸੀ ਜਾਂ ਮਿੱਠਾ ਘੱਟ ਸੀ। ਸੁਆਦ ਦਾ ਜੇ ਨਹੀਂ ਵੀ ਪਤਾ ਲੱਗਿਆ, ਪਰ ਸਾਧ ਸੰਗਤ ਜੀ ਢਿੱਡ ਵਿਚ ਤੇ ਆਸਰਾ ਹੋ ਹੀ ਜਾਂਦਾ ਹੈ। ਇਸ ਲਈ ਕੋਸ਼ਿਸ਼ ਕਰੋ, ਨਾਮ ਸਿਮਰਨ ਕਰਨ ਵੇਲੇ-

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥ ਜੋ ਇਛੈ ਸੋਈ ਫਲੁ ਪਾਏ॥

"ਗੁਰ ਗਿਆਨ ਮਾਲਾ"

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ


NAMDHARI SANGAT
LUDHIANA



ਸਾਸਿ ਗਿਰਾਸਿ ਜਪਉ

ਐਥੇ (ਸਾਧ ਸੰਗਤ) ਵਿਚ ਆ ਕੇ ਵੀ ਜੇ ਨਾਮ ਨਹੀਂ ਜਪਦੇ, ਇੱਕ ਦੂਸਰੇ ਨੂੰ ਆਖਦੇ ਰਿਹਾ ਕਰੋ ਕਿ ਜੇ ਥਾਲੀ ਵਿਚ ਪ੍ਰਸ਼ਾਦਾ ਪਿਆ ਹੈ, ਹੁਣ ਵੀ ਤੂੰ ਨਹੀਂ ਛਕਦਾ ਤੇ ਕਿਹੜੇ ਵੇਲੇ ਰੋਟੀ ਖਾਏਂਗਾ। ਐਥੇ ਭਜਨ ਕਰਨ ਵਾਸਤੇ ਆਉਂਦੇ ਹੋ, ਗੱਲਾਂ ਨਾ ਕਰਿਆ ਕਰੋ, ਨਾਮ-ਸਿਮਰਨ ਕਰਿਆ ਕਰੋ। ਇੱਕ ਦੂਸਰੇ ਨੂੰ ਆਖਿਆ ਕਰੋ ਕਿ ਤੇਰਾ ਐਸ ਵੇਲੇ ਮੂੰਹ ਵੇਹਲਾ ਹੈ, ਨਾਮ-ਸਿਮਰਨ ਕਰ। 'ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ, - ਸ਼ਾਹ ਨਾਲ ਵੀ ਅਤੇ ਜਦੋਂ ਪ੍ਰਸ਼ਾਦਾ ਛਕੋ, ਉਹਦੇ ਨਾਲ ਵੀ ਤੁਹਾਡਾ ਨਾਮ ਸਿਮਰਨ ਹੋਣਾ ਚਾਹੀਦਾ ਹੈ। ਇਹ ਬਹੁਤ ਜਰੂਰੀ ਗੱਲ ਹੈ ਕਿ ਸਤਿਗੁਰਾਂ ਦੇ ਜਿਹੜੇ ਹੁਕਮ ਨੇ, ਉਨਾਂ 'ਤੇ ਚੱਲ ਕੇ ਹੀ ਅਸੀਂ ਆਪਣੀ ਜੀਵਨ ਯਾਤਰਾ ਨੂੰ ਸਫਲ ਕਰ ਸਕਦੇ ਹਾਂ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਕੰਮ ਬੇਸ਼ਕ ਘੱਟ ਕਰੋ,
ਭਜਨ ਬਾਣੀ ਬਹੁਤਾ ਕਰੋ

ਤੁਸੀਂ ਆਪਣੇ ਪਿੰਡਾਂ ਵਿੱਚ ਪਹਿਰਾ ਦਿਆ ਕਰੋ, ਤੜਕੇ ਉੱਠ ਕੇ ਜਿੰਨੇ ਤੁਹਾਡੇ ਨਾਮਧਾਰੀ ਮੈਂਬਰ ਨੇ, ਸਭ ਨੂੰ ਉਠਾਇਆ ਕਰੋ, ਉਠਾ ਕੇ ਆਖਿਆ ਕਰੋ- 'ਭਜਨ ਕਰੋ।' ਐਸ ਵੇਲੇ ਬਹੁਤ ਤਕੜਾਈ ਹੈ, ਸਾਡੇ ਦੁਸ਼ਮਣਾ ਦੀ। ਕਿਹੜੇ ਦੁਸ਼ਮਣ ਨੇ ਸਾਡੇ-

ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ
ਏਕ ਦੋਖ ਬਿਨਾਸ॥

ਇਹਨਾਂ ਸਾਰਿਆਂ ਵਿੱਚ ਇੱਕ ਇੱਕ ਦੋਖ ਹੈ-

ਪੰਚ ਦੋਖ ਅਸਾਧ ਜਾ ਮਹਿ
ਤਾ ਕੀ ਕੇਤਕ ਆਸ॥

ਇਸ ਮਨੁੱਖ ਵਿੱਚ ਪੰਜੇ ਦੋਖ ਨੇ, ਫਿਰ ਇਸ ਦੀ ਕਿੰਨਾ ਕੁ ਚਿਰ ਆਸ ਹੈ ਬਚਣ ਦੀ।

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA



ਨਾਮ ਜਪਣ ਦੀ ਵਿਧੀ


ਸੋ ਰਸਨਾ ਹਿਲਾ ਕੇ ਨਾਮ ਦਾ ਉਚਾਰਨ ਕਰਿਆ ਕਰੋ। ਯਤਨ ਕਰਿਆ ਕਰੋ ਕਿ ਨਾਮ ਦਾ ਸ਼ੁੱਧ ਉਚਾਰਨ ਕੀਤਾ ਜਾ ਸਕੇ। ਸਵੇਰੇ ਆਸਾ ਦੀ ਵਾਰ ਵਿੱਚ ਬੈਠਿਆਂ ਜੇ ਕਿਸੇ ਨੂੰ ਨੀਂਦਰ ਆਉਂਦੀ ਹੈ ਤਾਂ ਉਸ ਨੂੰ ਦੂਸਰਾ ਸਰੀਰ ਜਗਾ ਦਿਆ ਕਰੇ। ਤੇ ਉਹ ਗੁੱਸਾ ਨਾ ਕਰਿਆ ਕਰੇ, ਜੇ ਉਸ ਵੇਲੇ ਸੋਧੀ ਸਿੰਘ ਇਸ਼ਨਾਨ ਸੋਧ ਦਾ ਕਰਕੇ ਆਇਆ ਹੈ, ਜੇ ਨਹੀਂ ਵੀ ਸੋਧ ਦਾ ਇਸ਼ਨਾਨ ਕਰਕੇ ਆਇਆ ਤਾਂ ਵੀ ਪਵਿੱਤਰ ਤੇ ਹੋ ਕੇ ਆਇਆ ਹੈ, ਉੱਥੇ ਬੈਠ ਕੇ ਜੇ ਗੁੱਸਾ ਕਰ ਲੈਂਦਾ ਤਾਂ ਬਾਹਰਲੀ ਖੁੱਲ (ਜੂਠ) ਤੇ ਬਾਹਰ ਰਹਿ ਜਾਂਦੀ ਹੈ, ਉਹ ਅੰਦਰੋਂ ਖੁੱਲ੍ਹਾ ਹੋ ਜਾਂਦਾ ਹੈ। ਸੋ ਸਵੇਰੇ ਉੱਠ ਕੇ ਸਿੱਧੇ ਬੈਠ ਕੇ ਮਾਲਾ ਫੜ੍ਹ ਕਿ ਭਜਨ ਕਰਿਆ ਕਰੋ। ਮਾਲਾ ਗੜਵੇ ਆਸਣ ਪਊਏ ਇਹ ਜਰੂਰ ਪ੍ਰਾਪਤ ਕਰੋ, ਆਪ ਬਣਾਓ, ਇਹ ਕੋਈ ਬਹੁਤੇ ਮੁੱਲ ਦੀਆਂ ਚੀਜ਼ਾਂ ਨਹੀਂ। ਸਿੰਘ ਆਇਆ ਕਰਨ, ਇਥੇ ਬੈਠਿਆ ਕਰਨ, ਆਪੋ- ਆਪਣੇ ਆਸਣ ਵਿਛਾ ਕੇ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਵਕਤ ਥੋੜ੍ਹੀ- ਥੋੜ੍ਹੀ ਵਿੱਥ ਸਿੰਘ ਬੈਠਦੇ ਸਨ, ਆਪੋ- ਆਪਣੇ ਆਸਣ ਵਿਛਾ ਕੇ, ਇਕ ਵਾਰ ਦੀਵਾਨ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਹਜ਼ੂਰ ਭੂਰੀਆਂ ਵਾਲੇ ਸਾਧ ਬੈਠੇ ਭਜਨ ਕਰਦੇ ਸਨ, ਆਸਣ ਆਪੋ- ਆਪਣੇ ਵਿਛਾ ਕੇ। ਸੱਚੇ ਪਾਤਸ਼ਾਹ ਆਪਣੇ ਆਸਣ ਤੋਂ ਉੱਠ ਕੇ ਉਨ੍ਹਾਂ ਦੇ ਵਿੱਚ ਜਾ ਕੇ ਬੈਠ ਗਏ, ਸਿੰਘਾ ਨੇ ਅਰਜ਼ ਕੀਤੀ ਤਾਂ ਸੱਚੇ ਪਾਤਸ਼ਾਹ ਨੇ ਬਚਨ ਕੀਤਾ, ਮੈਨੂੰ ਬੜੇ ਹੀ ਪਿਆਰੇ ਲਗਦੇ ਸਨ, ਮੇਰਾ ਜੀਅ ਕਰਦਾ ਸੀ ਕਿ ਮੈਂ ਉਨ੍ਹਾਂ ਦੇ ਨਾਲ ਜਾ ਕੇ ਬੈਠਾਂ। ਜੇ ਅਸੀਂ ਇਸ ਤਰ੍ਹਾਂ ਭਜਨ ਕਰੀਏ ਤੇ ਸਤਿਗੁਰੂ ਰਾਮ ਸਿੰਘ ਸਾਡੇ ਵਿੱਚ ਆ ਕੇ ਬਹਿ ਜਾਣ ਫੇਰ ਸਾਨੂੰ ਕਿਹੜੀ ਗੱਲ ਹੈ ਜਿਹਦਾ ਘਾਟਾ ਰਹਿ ਜਾਏਗਾ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

"ਜਿਹਨੇ ਕਣਕ ਬੀਜੀ ਨਹੀਂ, ਉਸਨੇ ਵੱਢਣੀ ਕਿੱਥੋਂ ਹੈ"



ਸੱਚੇ ਪਾਤਸ਼ਾਹ ਨੇ ਲਿਖਿਆ ਹੈ-

ਵਤ ਲਗੀ ਸਚੇ ਨਾਮ ਕੀ, ਜੋ ਬੀਜੇ ਸੋ ਖਾਇ।।

ਵੈਸਾਖ ਵਿੱਚ ਕਣਕ ਵੱਢਦੇ ਨੇ ਲੋਕ। ਪਰ ਜਿਸਨੇ ਕੱਤਕ ਵਿੱਚ ਬੀਜੀ ਹੀ ਨਹੀਂ, ਫੇਰ ਉਹ ਦੂਜਿਆਂ ਨੂੰ ਵੇਖ ਕੇ ਸੜੇ, ਏਹ ਸਿਆਣਪ ਨਹੀਂ ਉਸਦੀ। ਸਤਿਗੁਰਾਂ ਨੇ ਇਹ ਵੀ ਲਿਖਿਆ ਹੈ-

"ਕਰੁਤਾ ਬੀਜ ਬੀਜੈ ਨਹੀ ਜੰਮੈ।"- ਵੈਸਾਖ ਵਿੱਚ ਕਣਕ ਬੀਜੋ, ਜੇ ਉਹ ਉੱਗ ਵੀ ਪਏਗੀ, ਪਰ ਉਸਨੂੰ ਫਲ ਨਹੀਂ ਆਏਗਾ।

ਚਾਰਿ ਪਾਵ ਦੁਇ ਸਿੰਗ ਮੁਖ ਤਬ ਕੈਸੇ ਗੁਨ ਗਈ ਹੈ।।
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ।।
ਹਰਿ ਬਿਨੁ ਬੈਲ ਬਿਰਾਨੇ ਹੁਈਹੈ।।
ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।।
ਸਾਰੇ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ।।

ਇਹ ਸਾਰੀ ਗੱਲ ਕਿਉਂ ਹੋਈ-

ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ।।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

“ਗੁਰੂਆਂ ਦੀ ਇੱਕ-ਦੂਸਰੇ ਗੁਰੂ ਨਾਲ ਤੁਲਨਾ ਨਾ ਕਰਿਆ ਕਰੋ”



ਗੁਰੂਆਂ ਨੂੰ ਆਪਸ ‘ਚ ਤੋਲਣਾ ਨਹੀਂ ਚਾਹੀਦਾ ਕਿ ਫਲਾਣੇ ਗੁਰੂ ਵੇਲੇ ਐਸ ਤਰ੍ਹਾਂ ਹੋਇਆ ਸੀ ਤੇ ਐਸ ਵੇਲੇ ਐਸ ਤਰ੍ਹਾਂ ਕਿਉਂ ਹੋਇਆ ਹੈ? ਇਹ ਸਾਡੀ ਮਨਮਤਿ ਹੈ। ਆਪਣੇ-ਆਪਣੇ ਸਮੇਂ ਅਨੁਸਾਰ ਜਿਹੜੇ ਸਤਿਗੁਰੂ ਆਉਂਦੇ ਨੇ, ਉਹ ਜੋ ਕਰਦੇ ਨੇ, ਠੀਕ ਕਰਦੇ ਨੇ। ਕਿਸੇ ਗੁਰੂ ਨੇ ਮਾਲਾ ਫੜ੍ਹਾ ਦਿੱਤੀ, ਕਿਸੇ ਨੇ ਤਲਵਾਰ ਫੜ੍ਹਾ ਦਿੱਤੀ, ਫੇਰ ਮਾਲਾ ਫੜ੍ਹਾ ਦਿੱਤੀ। ਉਸ ਸਮੇਂ ਜੋ-ਜੋ ਸਤਿਗੁਰਾਂ ਦੀ ਰਜਾ ਹੈ, ਉਹ ਹੀ ਠੀਕ ਹੈ। ਅੱਜ ਇੱਕ ਰਿਵਾਜ ਸਾਡੇ ਵਿੱਚ ਪੈ ਗਿਆ ਹੈ, ਪੱਛਮੀ ਸੱਭਿਅਤਾ ਦਾ ਅਸਰ ਹੋਣ ਕਰਕੇ ਕਹਿੰਦੇ ਨੇ- ਗੁਰੂ ਵੀਹ ਵਿਸਵੇ ਅਤੇ ਸੰਗਤ ਇੱਕੀ ਵਿਸਵੇ। ਸੰਗਤ ਨੂੰ ਗੁਰੂ ਨਾਲੋ ਵੱਡਾ ਆਖਣਾ। ਆਪ ਜਾਣਦੇ ਹੋ, ਪਾਠ ਹੈ- ਜਹ ਸਤਿਗੁਰੁ ਤਹ ਸਤਿਸੰਗਤਿ ਬਣਾਈ’। ਕਿਤੇ ਇਹ ਨਹੀਂ ਲਿਖਿਆ ਕਿ ਜਿੱਥੇ ਸੰਗਤ ਹੈ, ਉਥੇ ਸਤਿਗੁਰੂ ਬਣਾਇਆ ਸੰਗਤ ਨੇ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

"ਖਿਮਾ-ਧੀਰਜ"



ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਰਹਿਤਨਾਮੇ ਵਿੱਚ ਲਿਖਿਆ ਹੈ, "ਮੰਦਾ ਫਿੱਕਾ ਨਹੀਂ ਬੋਲਣਾ, ਖ਼ਿਮਾ ਕਰਨੀ, ਬੋਲ-ਕਬੋਲ ਸਹਿ ਜਾਣਾ ਸਭ ਦਾ। ਜੇ ਕੋਈ ਕੁੱਝ ਮਾਰੇ ਤਾਂ ਭੀ ਖ਼ਿਮਾ ਕਰਨੀ।" ਇੱਕ ਹੋਰ ਹੁਕਮਨਾਮੇ ਵਿੱਚ ਲਿਖਿਆ ਹੈ,

"ਖ਼ਿਮਾ ਧੀਰਜ ਰੱਖਣੀ, ਖਿਮਾ ਧੀਰਜ ਵਾਲਿਆਂ ਦੇ ਗੁਰੂ ਅੰਗ-ਸੰਗ ਹੈ।"

ਇੱਕ ਪਾਸੇ ਸਾਡੀ ਤਾਕਤ ਹੈ ਅਤੇ ਦੂਸਰੇ ਪਾਸੇ ਜੇ ਖ਼ਿਮਾ ਧੀਰਜ ਰੱਖੀਏ ਤਾਂ ਗੁਰੂ ਦੀ ਤਾਕਤ ਹੈ। ਗੁਰੂ ਦੀ ਉਹ ਤਾਕਤ ਹੈ ਜਿਹਦੇ ਵਾਸਤੇ ਲਿਖਿਆ ਹੈ-

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ॥
ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥

ਲੱਖ ਬਾਂਹ ਵੀ ਕੁੱਝ ਨਹੀਂ ਕਰ ਸਕਦੀ। ਕੋਈ ਗਾਲ਼ ਕੱਢਦਾ, ਕੁੱਝ ਆਖਦਾ ਹੈ, ਉਸ ਨੂੰ ਖ਼ਿਮਾ ਕਰਨਾ, ਗਾਲ਼ ਕੱਢਣੀ ਵੀ ਬੜੀ ਔਖੀ ਹੈ, ਪਤਾ ਹੈ ਕਿ ਉਹ ਅੱਗੋਂ ਡੰਡਾ ਲੈ ਕੇ ਪੈ ਜਾਵੇਗਾ। ਪਰ ਉਸ ਨੂੰ ਖ਼ਿਮਾ ਕਰਨੀ ਹੋਰ ਵੀ ਜਿਆਦਾ ਔਖੀ ਹੈ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

"ਸਤਿਗੁਰੂ ਸੂਰਜ ਵੱਲ ਮੂੰਹ ਹੋਵੇ"



ਜਿਹੜਾ ਆਦਮੀ ਲਹਿੰਦੇ ਨੂੰ ਮੂੰਹ ਕਰਕੇ ਤੁਰ ਪਵੇ, ਇਹ ਸੋਚੇ ਕਿ ਉੱਪਰੋਂ ਸੂਰਜ ਚੜ੍ਹਨਾ ਹੈ, ਉਹ ਸੋਚੀ ਬੇਸ਼ੱਕ ਜਾਵੇ, ਹੁੰਦਾ ਨਹੀਂ ਇਸ ਤਰਾਂ। ਮਾਇਆ ਵੀ ਅਕਾਲ ਪੁਰਖ ਦੀ ਹੈ, ਉਸਨੇ ਵਰਤਾਈ ਹੈ। ਪਰ ਜੇ ਸਤਿਗੁਰੂ ਵਾਲੇ ਪਾਸੇ ਪਿੱਠ ਕਰਕੇ, ਸੂਰਜ ਵੱਲ ਪਿੱਠ ਕਰਕੇ, ਪਰਛਾਵੇਂ ਨੂੰ ਫੜਨਾ ਚਾਹੋ, ਭਾਵੇਂ ਕਿੰਨਾ ਜੋਰ ਨਾਲ ਭੱਜੋ, ਪਰਛਾਵਾਂ ਨਹੀਂ ਫੜਿਆ ਜਾਵੇਗਾ। ਪਰ ਜੇ ਉਹੋ ਮੂੰਹ ਸੂਰਜ ਵੱਲ ਕਰੋਗੇ, ਤਾਂ ਪਿੱਛੇ ਕਿੰਨੇ ਹੀ ਆਦਮੀ ਪਰਛਾਵੇਂ ਨੂੰ ਫੜ ਲੈਣ, ਉਹ ਰੱਖ ਨਹੀਂ ਸਕਦੇ, ਪਰਛਾਵਾਂ ਪਿੱਛੇ-ਪਿੱਛੇ ਜਾਵੇਗਾ। ਸਤਿਗੁਰੂ ਵੱਲ ਮੂੰਹ ਹੋਵੇ, ਮਾਇਆ ਵੀ ਪਿੱਛੇ ਹੈ। ਨਹੀਂ ਤੇ ਇਹ ਫੜੀ ਨਹੀਂ ਜਾਂਦੀ।

ਮਹਾ ਮਾਇਆ ਤਾ ਕੀ ਹੈ ਛਾਇਆ॥

ਸੋ ਮੈ ਤੁਹਾਨੂੰ ਇਹੋ ਅਰਜ ਕਰਾਂਗਾ ਕਿ ਜਿਨਾਂ-ਜਿਨਾਂ ਨੇ ਆਪਣੇ ਸਤਿਗੁਰੂ ਤੋਂ ਜੋ ਵੀ ਮੰਤਰ ਲਿਆ ਹੈ, ਉਹਦਾ ਜਾਪ ਕਰਿਆ ਕਰੋ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਪ੍ਰਕਾਸ਼ ਸ਼ਤਾਬਦੀ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸ੍ਰੀ ਭੈਣੀ ਸਾਹਿਬ ਪਹੁੰਚਣ ਲਈ ਸਾਧ ਸੰਗਤ ਦਾ ਪ੍ਰੋਗਰਾਮ

25 ਨਵੰਬਰ 2020, ਬੁੱਧਵਾਰ

ਜਿਲ੍ਹਾ:- ਰੋਪੜ, ਚੰਡੀਗੜ, ਮੋਹਾਲੀ, ਯਮੁਨਾਨਗਰ, ਫ਼ਤਹਿਗੜ੍ਹ ਸਾਹਿਬ, ਪਟਿਆਲਾ ਤੇ ਸੰਗਰੂਰ

26 ਨਵੰਬਰ 2020, ਵੀਰਵਾਰ

ਜਿਲ੍ਹਾ:- ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ ਤੇ ਬਟਾਲਾ

27 ਨਵੰਬਰ 2020, ਸ਼ੁੱਕਰਵਾਰ

ਜਿਲ੍ਹਾ:- ਜਲੰਧਰ, ਲੁਧਿਆਣਾ, ਕਪੂਰਥਲਾ, ਫਗਵਾੜਾ ਤੇ ਨਵਾਂਸ਼ਹਿਰ

28 ਨਵੰਬਰ 2020, ਸ਼ਨੀਵਾਰ

ਜਿਲ੍ਹਾ:- ਮਾਨਸਾ, ਬਠਿੰਡਾ, ਬਰਨਾਲਾ, ਮੋਗਾ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਮੁਕਤਸਰ, ਦਿੱਲੀ, ਜੰਮੂ ਤੇ ਮੰਡੀ (ਹਿਮਾਚਲ) ਇਲਾਕਾ ਸ੍ਰੀ ਜੀਵਨ ਨਗਰ

ਸੰਪਰਕ ਨੰਬਰ:


ਸੇਵਕ ਕਰਤਾਰ ਸਿੰਘ +91 9780470007, ਸੇਵਕ ਆਸਾ ਸਿੰਘ +91 9464030755, ਸੂਬਾ ਬਲਵਿੰਦਰ ਸਿੰਘ +91 9815404225

ਜਰੂਰੀ ਸੂਚਨਾ

ਕਰੋਨਾ ਮਹਾਂਮਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰੀ ਹਿਦਾਇਤਾਂ ਜਿਵੇਂ ਮਾਸਕ ਪਹਿਨਣਾ ਅਤੇ ਆਪਸੀ ਦੂਰੀ ਦਾ ਧਿਆਨ ਰੱਖਣਾ ਲਾਜ਼ਮੀ ਸਮਝਿਆ ਜਾਵੇ ਬਿਰਧ ਅਤੇ ਬਿਮਾਰ ਸਰੀਰ ਸਮਾਗਮ ਘਰ ਬੈਠੇ ਟੀਵੀ ਜਾਂ ਇੰਟਰਨੈਟ ਰਾਹੀਂ ਵੇਖਣ ਅਤੇ ਆਉਣ ਦੀ ਖੇਚਲ ਨਾ ਕਰਨ।


NAMDHARI SANGAT
LUDHIANA

ਸਿੱਖ ਜਰੂਰ ਬਣੋ



ਮੈਂ ਨਾਮਧਾਰੀ ਨੌਜੁਆਨਾਂ, ਪੜਿਆਂ-ਲਿਖਿਆਂ, ਡਾਕਟਰਾਂ, ਸਾਹਿਤਕਾਰਾਂ, ਕਵੀਆਂ, ਇੰਜੀਨਿਅਰਾਂ ਤੇ ਜਿਹੜੇ ਵੀ ਬੁੱਧੀਜੀਵੀ ਸਮਝਦੇ ਨੇ ਆਪਣੇ ਆਪ ਨੂੰ, ਬੁੱਧੀ-ਜੀਵੀ ਬਾਰੇ ਡਾ੦ ਸਰਦਾਰਾ ਸਿੰਘ ਜੌਹਲ ਕਹਿੰਦਾ ਹੈ ਕਿ ਸਿੱਖ ਤੇ ਬੁੱਧੀ-ਜੀਵੀ ਹੋ ਹੀ ਨਹੀਂ ਸਕਦਾ, ਕਿਸ ਕਰਕੇ ? ਕਿ ਉਸਨੇ ਅਜੇ ਸਿੱਖਣਾ ਹੁੰਦਾ ਹੈ ਹੋਰ ਕੁੱਝ। ਸਿੱਖ ਜੇ ਆਪਣੇ ਆਪ ਨੂੰ ਬੁੱਧੀਜੀਵੀ ਸਮਝ ਲਵੇ ਫੇਰ ਤੇ ਗੱਲ ਖਤਮ ਹੋ ਗਈ ਸਿੱਖਣ ਵਾਲੀ। ਸਿੱਖ, ਭਾਵ ਕਿ ਤੂੰ ਹੋਰ ਸਿੱਖ। ਮੈਂ ਜਿਨਾਂ ਦਾ ਨਾਮ ਲਿਆ ਹੈ, ਇਨਾਂ ਸਾਰਿਆਂ ਨੂੰ ਅਰਜ ਕਰਾਂਗਾ ਕਿ ਤੁਸੀਂ ਡਾਕਟਰ ਬਣੋ, ਵਕੀਲ ਬਣੋ, ਸਾਹਿਤਕਾਰ ਬਣੋ, ਕਵੀ ਬਣੋ, ਲੈਕਚਰਾਰ ਬਣੋ, ਤੁਸੀ M.L.A ਬਣੋ, ਤੁਸੀ ਮਨਿਸਟਰ ਬਣੋ, ਚੀਫ ਮਨਿਸਟਰ ਬਣੋ, ਕੁੱਝ ਵੀ ਬਣੋ, ਪਰ ਸਿੱਖ ਜਰੂਰ ਬਣੋ, ਇਹਨਾਂ ਸਾਰਿਆਂ ਅਹੁਦਿਆਂ ਤੋਂ ਸਿੱਖ ਬਹੁਤ ਉੱਚੀ ਚੀਜ ਹੈ। ਸੱਚੇ ਪਾਤਸ਼ਾਹ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੇ ਉਪਦੇਸ਼ ਵਿੱਚ ਬਚਨ ਆਉਂਦਾ ਹੈ, ਉਨਾਂ ਸਿੱਖੀ ਦਾ ਸਰੂਪ ਦੱਸ ਕੇ ਬਚਨ ਕੀਤਾ ਹੈ ਕਿ ਤੁਸੀਂ ਸਿੱਖ ਬਣਨਾ ਹੈ ਕਿ ਦੁਨੀਆਂਦਾਰ ਬਣਨਾ ਹੈ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਰਾਗ ਏਸ ਲਈ ਸਿੱਖੋ

ਇਹ ਬਹੁਤ ਜਰੂਰੀ ਗੱਲ ਹੈ ਕਿ ਹਰ ਨਾਮਧਾਰੀ ਦੇ ਬੱਚੇ ਨੂੰ, ਰਾਗ ਦੀ ਸਮਝ ਹੋਵੇ, ਬਾਣੀ ਬਹੁਤ ਰਾਗਾਂ ਵਿਚ ਉਚਾਰਨ ਕੀਤੀ ਹੈ ਸਤਿਗੁਰਾਂ ਨੇ, ਕਿੰਨੇ ਕੁ ਸਿੱਖ ਨੇ, ਜਿਨ੍ਹਾਂ ਨੂੰ ਰਾਗ ਬਾਰੇ ਜਾਣਕਾਰੀ ਹੈ। ਰਾਗ ਦੇ ਬਾਰੇ ਜਾਣਕਾਰੀ ਹੋਵੇ, ਪਰ ਏਸ ਕਰਕੇ ਨਾ ਹੋਵੇ ਕਿ ਬੰਬੇ ਜਾ ਕੇ ਐਕਟਰ ਜਾਂ ਐਕਟਰਸ ਬਨਣਾ ਹੈ। ਰਾਗ ਦੇ ਬਾਰੇ ਜਾਣਕਾਰੀ ਏਸ ਕਰਕੇ ਹੋਵੇ ਕਿ ਬਾਣੀ ਰਾਗਾਂ ਵਿਚ ਗਾਉਣੀ ਤੇ ਸੁਨਣੀ ਹੈ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ
551ਵੇਂ ਪ੍ਰਕਾਸ਼ ਪੁਰਬ
ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ ਹੋਵੇ ਜੀ



ਵੱਲੋਂ : ਸਮੂਹ ਨਾਮਧਾਰੀ ਸੰਗਤ, ਲੁਧਿਆਣਾ

NAMDHARI SANGAT
LUDHIANA

ਸਿੱਖੀ ਵਿਚ ਲੱਚਕ ਹੋਵੇ



ਤੁਸੀਂ ਇੰਜੀਨੀਅਰ ਹੋਵੋ, ਡਾਕਟਰ ਹੋਵੋ, ਵਕੀਲ ਹੋਵੋ, ਪਰ ਸਿੱਖ ਜ਼ਰੂਰ ਹੋਵੋ। ਕੋਈ ਵੀ ਕੰਮ ਕਰਨਾ ਹੋਵੇ ਤਾਂ ਸਿੱਖੀ ਨੂੰ ਪਹਿਲ ਦਿੱਤੀ ਜਾਵੇ। ਪਰ ਸਿੱਖੀ ਨੂੰ ਪਹਿਲ ਕੱਟੜਵਾਦ ਦੇ ਰੂਪ ਵਿੱਚ ਨਾ ਦਿੱਤੀ ਜਾਵੇ। ਉਹ ਵੀ ਠੀਕ ਨਹੀਂ। ਉਹਦੇ ਵਿੱਚ ਲੱਚਕ ਹੋਣੀ ਚਾਹੀਦੀ ਹੈ। ਪਿਆਰ ਹੋਣਾ ਚਾਹੀਦਾ ਹੈ, ਪਿਆਰ ਨਾਲ ਕਿਸੇ ਨੂੰ ਕੋਈ ਗੱਲ ਮਨਾਈ ਜਾ ਸਕਦੀ ਹੈ, ਨਫਰਤ ਜਾਂ ਗੁੱਸੇ ਨਾਲ ਨਹੀਂ

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

ਭਾਰਤ ਦੀ ਜੰਗ-ਏ-ਅਜਾਦੀ ਦੇ ਮਹਾਨ ਸ਼ਹੀਦ
ਸੂਬਾ ਗਿਆਨੀ ਰਤਨ ਸਿੰਘ ਅਤੇ
ਸੰਤ ਰਤਨ ਸਿੰਘ ਨਾਈਵਾਲਾ ਦੀ ਯਾਦ ਵਿੱਚ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ

ਮਹਾਨ ਸ਼ਹੀਦੀ ਸਮਾਗਮ

ਦਿਨ ਐਤਵਾਰ, 6 ਦਸੰਬਰ, 2020 ਸਵੇਰੇ 10:30 ਵਜੇ ਤੋਂ ਦੁਪਹਿਰ 2 ਵਜੇ ਤੱਕ



ਭਾਰਤ ਦੀ ਜੰਗ-ਏ-ਅਜਾਦੀ ਦੇ ਮਹਾਨ ਸ਼ਹੀਦ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਨਾਈਵਾਲਾ

ਸਥਾਨ : **ਨਾਮਧਾਰੀ ਸ਼ਹੀਦੀ ਸਮਾਰਕ** ਨਜ਼ਦੀਕ ਸਿਵਲ ਹਸਪਤਾਲ, ਜੇਲ ਰੋਡ, ਲੁਧਿਆਣਾ

ਆਪ ਜੀ ਨੂੰ ਨਿਮਰਤਾ ਸਹਿਤ ਸੱਦਾ ਦਿੱਤਾ ਜਾਂਦਾ ਹੈ ।

ਬੇਨਤੀ ਕਰਤਾ :

ਸੁਰਿੰਦਰ ਸਿੰਘ ਨਾਮਧਾਰੀ (ਪ੍ਰਧਾਨ, ਵਿਸ਼ਵ ਨਾਮਧਾਰੀ ਸੰਗਤ) ਮੋ.: 98722-13113, ਸੂਬਾ ਹਰਭਜਨ ਸਿੰਘ ਮੋ.: 98765-37000
ਗਿਆਨੀ ਜੋਗਿੰਦਰ ਸਿੰਘ ਮੋ.: 98767-07197

ਸਵ. ਸੰਤ ਰਜਿੰਦਰਪਾਲ ਸਿੰਘ ਜੀ ਸੂਰਾ ਦਾ ਸਮੂਹ ਪਰਿਵਾਰ

ਸਮੂਹ ਨਾਮਧਾਰੀ ਸਾਧ ਸੰਗਤ, ਲੁਧਿਆਣਾ

ਜਰੂਰੀ ਬੇਨਤੀਆਂ :

1. Covid-19 ਨੂੰ ਧਿਆਨ ਵਿੱਚ ਰੱਖਦੇ ਹੋਏ ਸਾਧ ਸੰਗਤ ਸਮਾਗਮ ਵਿੱਚ ਮਾਸਕ ਪਹਿਨ ਕੇ ਆਵੋ ਜੀ ਅਤੇ ਦੂਰੀ ਬਣਾ ਕੇ ਰੱਖੋ ਜੀ ।
2. Covid-19 ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਆਦਾ ਬਜ਼ੁਰਗ, ਛੋਟੇ ਬੱਚੇ ਅਤੇ ਬਿਮਾਰ ਮੈਂਬਰ ਸਮਾਗਮ ਵਿੱਚ ਨਾ ਆਉਣ ਜੀ ।

ਸਤਿਗੁਰੂ ਹਿਰਦੇ 'ਚ ਵੱਸੇ



ਜਦੋਂ ਸਤਿਗੁਰੂ ਸਾਡੇ ਅੰਦਰ ਹੋਵੇ, ਕੋਈ ਦੁੱਖ ਤਕਲੀਫ਼ ਨਹੀਂ ਰਹਿ ਸਕਦੀ, ਉਹ ਹੁੰਦਾ ਤਾਂ ਹੈ; ਆਸਾ ਦੀ ਵਾਰ 'ਚ ਰੋਜ਼ ਸੁਣਦੇ ਹੋ,

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥

ਘੜੇ ਵਿੱਚ ਸ਼ੱਕਰ ਪਾਉਣੀ ਹੈ ਤਾਂ ਉਸ ਵਿੱਚੋ ਰੇਤਾ ਕੱਢੋ, ਉਸਨੂੰ ਸਾਫ਼ ਕਰੋ, ਫੇਰ ਉਸ ਵਿੱਚ ਸ਼ੱਕਰ ਪੈ ਸਕੇਗੀ।

ਭਾਂਡਾ ਧੋਇ ਬੈਸਿ ਧੂਪੁ ਦੇਵਹੁ
ਤਉ ਦੂਧੈ ਕਉ ਜਾਵਹੁ ॥

ਭਾਂਡੇ ਨੂੰ ਧੋ ਕੇ ਸਾਫ਼ ਕਰੋ, ਸੁਕਾਓ ਫੇਰ ਉਹਨੂੰ ਖ਼ੁਸ਼ਬੂਦਾਰ ਬਣਾਓ, ਫੇਰ ਦੁੱਧ ਪਾਓ ਉਹਦੇ ਵਿੱਚ। ਸਾਡੇ ਅੰਦਰ ਈਰਖਾ ਬਖੀਲੀ, ਦ੍ਵੈਸ਼ ਪਈ ਹੈ ਤਾਂ ਉਹਦੇ ਵਿੱਚ ਸੱਤ, ਸੰਤੋਖ, ਦਇਆ, ਧਰਮ ਬੜਾ ਮੁਸ਼ਕਲ ਹੈ। ਪਹਿਲਾਂ ਸੱਤ, ਸੰਤੋਖ, ਦਇਆ, ਧਰਮ ਆਂਉਦਾ ਹੈ, ਫੇਰ ਸਤਿਗੁਰੂ ਵਾਲਾ ਪਾਸਾ ਅੰਦਰ ਆਉਂਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਛਾਡਿ ਅਹੰਕਾਰ ਛਾਰ ਹੋਇ ਗੁਰ ਮਾਰਗ ਮੈ
ਕਬਹੂ ਕੈ ਦਇਆ ਕੈ ਦਇਆਲ ਪਗਿ ਧਾਰਿ ਹੈ ॥

ਇਹ ਕੰਮ ਕਰ, ਫੇਰ ਸਤਿਗੁਰੂ ਤੇਰੇ ਅੰਦਰ ਚਰਨ ਆਪਣਾ ਧਰੇਗਾ।

ਹੰਕਾਰ, ਹਊਮੈ, ਇਹਦੇ ਵਾਸਤੇ ਲਿਖਿਆ ਹੈ ਕਿ ਸਰੀਰ ਨੂੰ ਐਨਾ-ਐਨਾ ਕੱਟ ਦਿਉ ਤਾਂ ਵੀ ਇਹ ਨਹੀਂ ਜਾਂਦੀ -

ਨਿਮਖ ਨਿਮਖ ਕਰਿ ਸਰੀਰ ਕਟਾਵੈ ॥
ਤਉ ਭੀ ਹਉਮੈ ਮੈਲੁ ਨਾ ਜਾਵੈ ॥

ਸਤਿਗੁਰਾਂ ਦੇ ਉਪਦੇਸ਼ਾਂ ਅਨੁਸਾਰ ਭਜਨ ਕਰੋ, ਤਾਂ ਅੰਦਰੋਂ ਨਿਕਲੇਗੀ। ਇਹ ਨਿਕਲ ਜਾਵੇ ਫੇਰ ਸਾਡੇ ਅੰਦਰ ਸਤਿਗੁਰੂ ਦਾ ਵਾਸਾ ਹੋਵੇਗਾ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸੈਸ਼ਨ 2020-21 ਲਈ ਟਰਾਇਲ

ਖੇਡ ਫੁੱਟਬਾਲ (ਪੰਜਾਬ ਲੀਗ ਅਤੇ ਆਈ ਲੀਗ)

ਨਾਮਧਾਰੀ ਸਪੋਰਟਸ ਅਕੈਡਮੀ, ਸ਼੍ਰੀ ਭੈਣੀ ਸਾਹਿਬ


ਵਿਖੇ ਫੁੱਟਬਾਲ ਲਈ ਸੰਨ 2004 ਤੋਂ 2008 ਤੱਕ ਜਨਮੇ ਬੱਚੇ ਮਿਤੀ 24-25 ਦਸੰਬਰ 2020 ਨੂੰ ਆਪਣੇ ਅਸਲ ਦਸਤਾਵੇਜ : ਅਧਾਰ ਕਾਰਡ, 2 ਪਾਸ ਪੋਰਟ ਸਾਈਜ ਫੋਟੋਆਂ, ਜਨਮ ਸਰਟੀਫਿਕੇਟ, ਖੇਡ ਪ੍ਰਾਪਤੀਆਂ ਦੇ ਸਰਟੀਫਿਕੇਟ ਲੈ ਕੇ ਦਿੱਤੀ ਮਿਤੀ ਨੂੰ ਸਹੀ 11:00 ਵਜੇ ਟਰਾਇਲ ਦੇਣ ਲਈ ਨਾਮਧਾਰੀ ਸਪੋਰਟਸ ਅਕੈਡਮੀ, ਸ਼੍ਰੀ ਭੈਣੀ ਸਾਹਿਬ, ਜ਼ਿਲਾ ਲੁਧਿਆਣਾ (ਪੰਜਾਬ) ਪਹੁੰਚੋਂ। ਚੁਣੇ ਗਏ ਖਿਡਾਰੀਆਂ ਦਾ ਰਹਿਣਾ, ਖਾਣਾ, ਪੜ੍ਹਨਾ ਅਤੇ ਖੇਡ ਸਿਖਲਾਈ ਫ੍ਰੀ ਦਿੱਤੀ ਜਾਵੇਗੀ।

ਟਰਾਇਲ ਸਬੰਧੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

98144-80801, 98158-49051, 98145-16646, 98152-73473

NAMDHARI SANGAT
LUDHIANA

ਜੀਅ ਦਇਆ ਪ੍ਰਵਾਨ



ਸਾਡੇ ਗੁਰੂਆਂ ਦੀ ਬਾਣੀ ਵਿਚ ਕੋਈ ਪਾਸਾ ਨਹੀਂ, ਜੋ ਛੱਡਿਆ ਹੋਵੇ। ਮੁਸਲਮਾਨ ਫਕੀਰਾਂ ਦੀ, ਹਿੰਦੂ ਭਗਤਾਂ ਦੀ, ਸਭ ਦੀ ਬਾਣੀ ਗੁਰੂ-ਸਾਹਿਬਾਨ ਦੀ ਤੇ ਹੈ ਹੀ, ਜਿਨ੍ਹਾਂ ਦੀ ਬਾਣੀ ਸਾਡੇ ਗੁਰੂ ਸਾਹਿਬ ਨੇ ਪ੍ਰਵਾਨ ਕੀਤੀ, ਸਾਨੂੰ ਉਨ੍ਹਾਂ ਸਾਰਿਆਂ ਦਾ ਅਦਬ ਕਰਨਾ ਚਾਹੀਦਾ ਹੈ, ਮੁਸਲਮਾਨਾਂ ਨਾਲੋਂ ਸਾਡੀ ਸਾਂਝ ਕਿਵੇਂ ਟੁੱਟ ਸਕਦੀ ਹੈ, ਜਿੱਥੇ ਫਰੀਦ ਜੀ ਦੀ ਬਾਣੀ ਸਾਡੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ ਹੈ। ਅਸੀਂ ਉਨ੍ਹਾਂ ਨੂੰ ਕਿਵੇਂ ਛੱਡ ਸਕਦੇ ਹਾਂ।


ਮੁਸਲਮਾਣੁ ਕਹਾਵਣੁ ਮੁਸਕਲੁ, ਜਾ ਹੋਇ ਤਾਂ ਮੁਸਲਮਾਣੁ ਕਰਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਅੱਗੇ ਲਿਖਿਆ ਹੈ-
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣ ਕਹਾਵੈ ॥

ਸਾਰੇ ਜੀਆਂ ਤੇ ਰਹਿਮ ਕਰਨ ਵਾਲਾ ਮੁਸਲਮਾਨ ਹੈ ਅਤੇ ਹਿੰਦੂ ਬਾਰੇ ਵੀ ਸਤਿਗੁਰਾਂ ਨੇ ਬਾਣੀ ਵਿਚ ਲਿਖਿਆ ਹੈ-

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥
ਮਨਿ ਸੰਤੋਖੁ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨ ਭਇਆ ॥
ਮਾਘ ਦਾ ਮਹੀਨਾ ਸੁਣਦੇ ਹਾਂ-
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਕਿਹੜਾ ਧਰਮ ਹੈ ਜੇਹੜਾ ਇਸ ਤੋਂ ਵੱਖਰਾ ਹੋ ਸਕਦਾ ਹੈ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਭ ਦਾ ਸਾਂਝਾ- ਧਰਮ



ਇਕ ਵਾਰ ਜਾਪਾਨ ਜਾਣ ਦਾ ਮੌਕਾ ਮਿਲਿਆ, *1961* ਵਿੱਚ। ਸਾਡੇ ਨਾਲ ਸਨ ਡਾ. ਗੋਪਾਲ ਸਿੰਘ ਜੀ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਅੰਗਰੇਜ਼ੀ ਵਿੱਚ ਵੀ ਕੀਤਾ ਹੈ, ਸ. ਰਘਬੀਰ ਸਿੰਘ ਜੀ ਪੰਜ- ਹਜ਼ਾਰੀ, ਪੰਡਤ ਗੋਪਾਲ ਸਿੰਘ ਹੁਰੀ, ਸ. ਗੁਰਦੇਵ ਸਿੰਘ ਆਦਿ। ਇਕ ਉੱਥੇ ਟੋਕੀਓ ਵਿੱਚ ਯੂਨੀਵਰਸਿਟੀ ਹੈ, ਜਿੱਥੇ ਹੋਰ *13* ਯੂਨੀਵਰਸਿਟੀਆਂ ਦੇ ਵਿਦਿਆਰਥੀ ਬੁੱਧ ਧਰਮ ਦੀ ਸਿੱਖਿਆ ਗ੍ਰਹਿਣ ਕਰਨ ਆਉਂਦੇ ਹਨ। ਸਾਡੇ ਭਾਰਤ ਵਿੱਚ ਵੀ ਜੇ ਕੋਈ ਇਹੋ ਜਿਹੀਆਂ ਯੂਨੀਵਰਸਿਟੀਆਂ ਬਣ ਜਾਣ ਤਾਂ ਕਿੰਨਾ ਚੰਗਾ ਹੋਵੇ। ਉੱਥੇ ਧਰਮ ਸੰਮੇਲਨ ਵਿੱਚ ਡਾ. ਗੋਪਾਲ ਸਿੰਘ ਹੁਰਾਂ ਵੀ ਭਾਸ਼ਣ ਦਿੱਤਾ। ਓਥੋਂ ਦੇ ਵਿਦਿਆਥੀਆਂ ਨੇ ਇਕ ਸਵਾਲ ਪੁੱਛਿਆ ਕਿ ਸਭ ਦਾ ਸਾਂਝਾ ਧਰਮ ਕਿਹੜਾ ਹੈ? ਮੈ ਪੰਜਾਬੀ ਵਿੱਚ ਕਿਹਾ, ਡਾ. ਗੋਪਾਲ ਸਿੰਘ ਜੀ ਨੇ ਅਨੁਵਾਦ ਕੀਤਾ, ਮੈ ਕਿਹਾ ਕਿ ' ਜਿਹੜਾ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਧਰਮ ਹੈ, ਫਰੀਦ ਜੀ ਨੇ ਲਿਖਿਆ ਹੈ:-

ਬੋਲੀਐ ਸਚੁ ਧਰਮ ਝੂਠੁ , ਨ ਬੋਲੀਐ।।


ਸੱਚ ਬੋਲਣਾ ਸਭ ਦਾ ਸਾਂਝਾ ਧਰਮ ਹੈ, ਸੱਚ ਪ੍ਰਮੇਸਰ ਹੈ। ਸਾਰੇ ਸੱਚ ਬੋਲਣ ਨੂੰ ਅਪਣਾ ਲੈਣ ਤਾਂ ਸਾਰੇ ਧਰਮ ਇਕੱਠੇ ਹੋ ਸਕਦੇ ਹਨ। ਇਸ ਧਰਮ ਤੋਂ ਕੌਮਨਿਸਟ ਜਾਂ ਜਿਹਨਾਂ ਨੂੰ ਨਾਸਤਕ ਕਿਹਾ ਜਾਂਦਾ ਹੈ, ਉਹ ਵੀ ਵੱਖ ਨਹੀਂ ਹੋ ਸਕਦੇ। ਇਸ ਤਰ੍ਹਾਂ ਅਸੀਂ ਸਾਰੇ ਇਕ ਧਰਮ ਨੂੰ ਮੰਨਣ ਵਾਲੇ ਹੋ ਜਾਂਦੇ ਹਾਂ।' ਉਸ ਤੋਂ ਬਾਅਦ ਉਸ ਸਭਾ ਚੋਂ ਬਹੁਤ ਸਾਰੇ ਮਿਲੇ ਕਿ ਇਹ ਤੁਸੀਂ ਬਹੁਤ ਵਧੀਆ ਗੱਲ ਆਖੀ ਹੈ। ਇਹ ਗੱਲ ਸਾਡੀ ਨਹੀਂ, ਇਹ ਗੱਲ ਸਤਿਗੁਰਾਂ ਦੀ ਹੈ, ਅਖਵਾ ਸਾਡੇ ਤੋਂ ਲਈ ਸਤਿਗੁਰਾਂ ਨੇ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਧਰਮ, ਦਰਖਤ ਦੀ ਜੜ੍ਹ ਵਾਂਗ ਹੈ



ਅਸੀਂ ਧਰਮ ਨੂੰ ਮੰਨਣ ਵਾਲਿਆਂ ਨੇ ਅਤੇ ਧਰਮ ਦੇ ਵਿਰੋਧੀਆਂ ਨੇ, ਧਰਮ ਦੇ ਖਿਲਾਫ਼ ਬੜਾ ਕੰਮ ਕੀਤਾ ਹੈ ਕਿਉਂਕਿ ਸਾਡਾ ਜੀਵਨ ਚੰਗਾ ਨਾ ਰਿਹਾ, ਵੱਧ ਤੋਂ ਵੱਧ ਧਨ ਕਮਾਉਣਾ ਹੀ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ। ਧਰਮ ਵਾਲੀ ਗੱਲ ਵਿੱਚੋਂ ਨਿਕਲ ਗਈ। ਧਰਮ, ਰੁੱਖ ਦੀ ਜੜ੍ਹ ਵਾਂਗ ਹੈ। ਜੜ੍ਹ ਸੁੱਕ ਜਾਵੇ ਤਾਂ ਦਰਖਤ ਕਦੇ ਹਰਾ ਨਹੀਂ ਰਹਿ ਸਕਦਾ। ਉਹ ਧਰਮ ਜੋ ਸਤਗੁਰਾਂ ਨੇ ਦ੍ਰਿੜ ਕਰਵਾਇਆ, ਬਾਣੀ 'ਚ ਲਿਖਿਆ ਹੈ-

ਮਨਹਿ ਪ੍ਰਗਾਸੁ ਭਇਓ ਭ੍ਰਮ ਨਾਸਿਓ
ਮੰਤ੍ਰੁ ਦੀਓ ਗੁਰ ਕਾਨ ॥

ਉਹ ਗੁਰ ਮੰਤਰ ਦਿੱਤਾ ਕੰਨ ਵਿੱਚ, ਜਿਸ ਨਾਲ ਭਰਮ ਦੂਰ ਹੋ ਗਿਆ।

ਗੁਰ ਗਿਆਨ ਮਾਲਾ
ਸਤਿਗੁਰੂ ਜਗਜੀਤ ਸਿੰਘ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਦੀਵੇ ਪਰ ਜਿਉਂ ਆਇ ਪਤੰਗੇ, ਤਿਉਂ ਤੋਪਨ ਢਿਗ ਜਾਇ ਨਿਸੰਗੇ ॥

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

66 ਨਾਮਧਾਰੀ ਸ਼ਹੀਦਾਂ

ਦੀ ਪਵਿੱਤਰ ਯਾਦ ਵਿੱਚ

ਰਾਜ-ਪੱਧਰੀ ਸ਼ਹੀਦੀ ਸਮਾਗਮ



ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਮਿਤੀ: 17 ਜਨਵਰੀ 2021, ਸਥਾਨ: ਮਲੇਰਕੋਟਲਾ

ਪ੍ਰੋਗਰਾਮ:


ਆਸਾ ਦੀ ਵਾਰ ਦਾ ਕੀਰਤਨ, ਕਥਾ, ਹੱਲੇ ਦੇ ਦੀਵਾਨ,
ਕਵੀਸ਼ਰੀ ਅਤੇ ਵਿਦਵਾਨਾਂ ਦੇ ਵਿਖਿਆਨ ਆਦਿ



ਜਰੂਰੀ ਸੂਚਨਾ:

ਕਰੋਨਾ ਮਹਾਂਮਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰੀ ਹਿਦਾਇਤਾਂ ਜਿਵੇਂ ਮਾਸਕ ਪਹਿਨਣਾ ਅਤੇ ਆਪਸੀ ਦੂਰੀ ਦਾ ਧਿਆਨ ਰੱਖਣਾ ਅਤਿ ਜਰੂਰੀ ਸਮਝਿਆ ਜਾਵੇ [illegible] ਸਮਾਗਮ ਘਰ ਬੈਠੇ [illegible] ਆਉਣ ਦੀ ਖੇਚਲ ਨਾ ਕਰਨ

NAMDHARI SANGAT
LUDHIANA



ਧਰਮ ਦੇ ਚਿੰਨ੍ਹ ਪਾਸ ਰੱਖਿਆ ਕਰੋ

ਇੱਕ ਮਸ਼ਹੂਰ ਗੱਲ ਹੈ ਕਿ ਇੱਕ ਭੰਗੀ ਨੂੰ ਰਾਜ ਮਿਲ ਗਿਆ ਤਾਂ ਉਸਨੇ ਆਪਣੀ ਝਾੜੂ ਤੇ ਟੋਕਰੀ ਦੀ ਨਿਸ਼ਾਨੀ ਨਾਲ ਰੱਖੀ, ਇੱਕ ਨੀਵੀਂ ਚੀਜ਼, ਕੇਵਲ ਇਸ ਲਈ ਕਿ ਮੇਰਾ ਵਿਰਸਾ, ਮੇਰਾ ਪਿਛੋਕੜ ਨਾ ਮੈਨੂੰ ਭੁੱਲ ਜਾਵੇ। ਸਾਡੀਆਂ ਏਨੀਆਂ ਉੱਚੀਆਂ ਚੀਜ਼ਾਂ, ਆਸਣ, ਗੜਵਾ, ਪਊਏ, ਮਾਲਾ, ਕਰ-ਮੰਡਲ ਆਦਿ ਜੋ ਕੁਝ ਹੈ ਸਾਡਾ। ਉਹਦੇ 'ਤੇ ਬਹੁਤੇ ਪੈਸੇ ਨਹੀਂ ਲੱਗਦੇ। ਮਾਲਾ ਘਰ ਵਿੱਚ ਪਈ ਹੈ ਤਾਂ ਕਿਤੇ ਚੇਤਾ ਆ ਜਾਵੇਗਾ ਕਿ ਮੈਂ ਨਾਮ-ਸਿਮਰਨ ਹੀ ਕਰ ਲਵਾਂ। ਜਿਸ ਜਿਮੀਂਦਾਰ ਦੇ ਘਰੇ ਹਲ਼ ਪਿਆ ਹੈ, ਕਿਤੇ ਚੇਤਾ ਆਉਂਦਾ ਹੈ ਕਿ ਮੈਂ ਹਲ਼ ਵਾਹੁਣਾ ਹੈ ਜਾ ਕੇ। ਹਲ਼ ਦਾ ਕੋਈ ਮੁੱਲ ਨਹੀਂ ਬਹੁਤਾ, ਪਰ ਉਹ ਕਿੰਨੇ ਪੈਸਿਆਂ ਦੇ ਦਾਣੇ ਪੈਦਾ ਕਰ ਦੇਂਦਾ ਹੈ। ਮਾਲਾ ਬਹੁਤੇ ਮੁੱਲ ਦੀ ਨਹੀਂ, ਪਰ ਜਦੋਂ ਤੁਸੀਂ ਫੇਰੋਗੇ ਤਾਂ-

ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ ।।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਜੀਅ ਦਇਆ ਪ੍ਰਵਾਨ



ਸਾਡੇ ਗੁਰੂਆਂ ਦੀ ਬਾਣੀ ਵਿਚ ਕੋਈ ਪਾਸਾ ਨਹੀਂ, ਜੋ ਛੱਡਿਆ ਹੋਵੇ। ਮੁਸਲਮਾਨ ਫਕੀਰਾਂ ਦੀ, ਹਿੰਦੂ ਭਗਤਾਂ ਦੀ, ਸਭ ਦੀ ਬਾਣੀ ਗੁਰੂ-ਸਾਹਿਬਾਨ ਦੀ ਤੇ ਹੈ ਹੀ, ਜਿਨਾਂ ਦੀ ਬਾਣੀ ਸਾਡੇ ਗੁਰੂ ਸਾਹਿਬ ਨੇ ਪ੍ਰਵਾਨ ਕੀਤੀ, ਸਾਨੂੰ ਉਨ੍ਹਾਂ ਸਾਰਿਆਂ ਦਾ ਅਦਬ ਕਰਨਾ ਚਾਹੀਦਾ ਹੈ, ਮੁਸਲਮਾਨਾਂ ਨਾਲੋਂ ਸਾਡੀ ਸਾਂਝ ਕਿਵੇਂ ਟੁੱਟ ਸਕਦੀ ਹੈ, ਜਿੱਥੇ ਫਰੀਦ ਜੀ ਦੀ ਬਾਣੀ ਸਾਡੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ ਹੈ। ਅਸੀਂ ਉਨ੍ਹਾਂ ਨੂੰ ਕਿਵੇਂ ਛੱਡ ਸਕਦੇ ਹਾਂ।

ਮੁਸਲਮਾਣੁ ਕਹਾਵਣੁ ਮੁਸਕਲੁ, ਜਾ ਹੋਇ ਤਾ ਮੁਸਲਮਾਣੁ ਕਰਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਅੱਗੇ ਲਿਖਿਆ ਹੈ -
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥

ਸਾਰੇ ਜੀਆਂ ਤੇ ਰਹਿਮ ਕਰਨ ਵਾਲਾ ਮੁਸਲਮਾਨ ਹੈ ਅਤੇ ਹਿੰਦੂ ਬਾਰੇ ਵੀ ਸਤਿਗੁਰਾਂ ਨੇ ਬਾਣੀ ਵਿਚ ਲਿਖਿਆ ਹੈ -

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥
ਮਨਿ ਸੰਤੋਖੁ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨ ਭਇਆ ॥

ਮਾਘ ਦਾ ਮਹੀਨਾ ਸੁਣਦੇ ਹਾਂ-


ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥

ਕਿਹੜਾ ਧਰਮ ਹੈ ਜੇਹੜਾ ਇਸ ਤੋਂ ਵੱਖਰਾ ਹੋ ਸਕਦਾ ਹੈ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਸੱਚ




ਸਤਿਗੁਰਾਂ ਦੇ ਚਰਨਾਂ ਦਾ ਆਸਰਾ ਲੈ ਕੇ ਸਤਿਗੁਰਾਂ ਦਾ ਧਿਆਨ ਧਰ ਕੇ, ਨਾਮੁ-ਸਿਮਰਨ ਕਰਿਆ ਕਰੋ ਭਜਨ ਬਾਣੀ ਕਰੋ। ਸੱਚ ਤੇ ਚੱਲੋ, ਸੱਚ ਇੱਕ ਐਸੀ ਚੀਜ਼ ਹੈ ਇਕ ਵੇਰਾਂ ਬੋਲਣ ਦੀ ਲੋੜ ਹੈ।
ਝੂਠ ਜਿਹੜਾ ਹੈ ਉਹ ਸੌ ਵੇਰਾਂ ਵੀ ਬੋਲਿਆ ਜਾਵੇ ਤਾਂ ਵੀ ਉਹ ਸੱਚ ਨਹੀਂ ਬਣਦਾ।
ਤਕੜੇ ਹੋ ਕੇ ਉੱਦਮ ਕਰੋ ਕੇ ਹਰ ਵੇਲੇ ਨਾਮ ਦਾ ਜਾਪ ਮੂੰਹ ਵਿੱਚ ਚਾਹੀਦਾ ਹੈ - ਇਸ ਲਈ ਕੇ ਪਤਾ ਨਹੀਂ ਆਦਮੀ ਨੇ ਕਿਹੜੇ ਵੇਲੇ ਇਸ ਸੰਸਾਰ ਨੂੰ ਛੱਡ ਜਾਣਾ ਹੈ। ਉਸ ਵੇਲੇ ਉਹਦੇ ਮੂੰਹ ਵਿੱਚ ਨਾਮ ਹੋਵੇ। ਲਿਫਾਫੇ ਤੇ ਜਿਸ ਦਾ ਨਾਮ-ਪਤਾ ਲਿਖਿਆ ਹੈ ਉਹ ਨਾਮੁ, ਲਿਫਾਫੇ ਨੂੰ ਚੱਕ ਕੇ ਉਹ ਵਿਅਕਤੀ ਦੇ ਘਰ ਲੈ ਜਾਂਦਾ ਹੈ। ਸਤਿਗੁਰਾਂ ਦਾ ਨਾਮੁ ਸਾਡੀ ਜੁਬਾਨ ਤੇ ਹੋਵੇਗਾ ਤਾਂ ਅਸੀਂ ਸਤਿਗੁਰਾਂ ਦੇ ਚਰਨਾਂ ਵਿੱਚ ਹੀ ਜਾਵਾਂਗੇ।

ਸਗਲ ਉਦਮ ਮਹਿ ਉਦਮੁ ਭਲਾ॥
ਹਰਿ ਕਾ ਨਾਮੁ ਜਪਹੁ ਜੀਅ ਸਦਾ॥

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਗੁਣਾਂ ਦੀ ਸਾਂਝ ਕਰੋ



ਬਾਣੀ ਵਿੱਚ ਬਹੁਤ ਕੁਝ ਲਿਖਿਆ ਹੈ, ਜੇ ਅਸੀਂ ਉਸਨੂੰ ਗ੍ਰਹਿਣ ਕਰ ਸਕੀਏ, ਉੱਥੇ ਲਿਖਿਆ ਹੈ-

ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ॥

ਗੁਣਾਂ ਦੀ ਸਾਂਝ ਕਰੋ, ਔਗੁਣ ਛੱਡ ਦਿਉ। ਸੰਤ ਲਾਲ ਸਿੰਘ ਭੂਰੇ ਗਿੱਲਾਂ ਦੇ ਸਨ, ਉਹ ਕਹਿੰਦੇ ਸਨ, ਜੇ ਕਿਸੇ ਦੇ ਗ੍ਰਹਿਣ ਕਰਨੇ ਹਨ ਤਾਂ ਗੁਣ ਗ੍ਰਹਿਣ ਕਰੋ, ਜੇ ਔਗੁਣ ਲੱਭਣ ਜਾਣਾ ਹੈ ਤਾਂ ਬਾਹਰ ਜਾਣ ਦੀ ਲੋੜ ਨਹੀਂ, ਆਪਣੇ ਅੰਦਰ ਹੀ ਵੇਖ ਲਵੋ ਕਿੰਨੇ ਹਨ, ਫਿਰ ਅਸੀਂ ਇਕੱਠੇ ਹੋ ਸਕਦੇ ਹਾਂ।

ਏਹੋ ਹੀ ਚੀਜ਼ ਹੈ ਜਿਹੜੀ ਸਾਡੇ ਵਿੱਚ ਘਾਟ ਹੈ ਅੱਜ-ਕੱਲ, ਇਮਾਨਦਾਰੀ ਨਹੀਂ, ਪਿਆਰ ਨਹੀਂ, ਇਹ ਹੋਵੇ ਤੇ ਦੁਨੀਆਂ ਦੇ ਝਗੜੇ ਛੇਤੀ ਮੁੱਕ ਸਕਦੇ ਨੇ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਨਾਮਧਾਰੀ ਹਾਕੀ ਖਿਡਾਰੀਆਂ ਨੂੰ ਸਿੱਖਿਆ




ਜਿਸ ਤਰ੍ਹਾਂ ਬੱਚੇ ਕਛਿਹਰੇ ਤੇ ਪੱਗਾਂ ਨਾਲ ਖੇਡਦੇ ਹਨ, ਸਤਿਗੁਰੂ ਕਿਰਪਾ ਕਰਨ, ਇਹਨਾਂ ਦੇ ਅੰਦਰ ਹੰਕਾਰ ਨਾ ਆਵੇ ਅਤੇ ਇਹਨਾਂ ਨੂੰ ਹੋਰ ਤਾਕਤ ਬਖਸ਼ਣ ਕਿ ਇਹ ਭਾਰਤ ਤੋਂ ਬਾਹਰ ਜਾ ਕੇ ਵੀ ਅੰਤਰ ਰਾਸ਼ਟਰੀ ਪੱਧਰ ਤੇ ਜਿੱਤਾਂ ਪ੍ਰਾਪਤ ਕਰਨ,ਭਜਨ ਬਾਣੀ ਕਰਨ, ਪਹਿਰਾਵੇ ਠੀਕ ਰੱਖਣ ਤੇ ਲੋਕਾਚਾਰ ਤੋਂ ਬਚ ਕੇ ਰਹਿਣ। ਸਤਿਗੁਰੂ ਇਹਨਾਂ ਨੂੰ ਹੋਰ ਤਾਕਤ ਬਖਸ਼ਣ ਤੇ ਇਹ ਭਾਰਤ ਦਾ ਮਾਣ ਬਣ ਸਕਣ।

ਸਾਡੀ ਆਪਣੇ ਮਨ ਦੀ ਕਮਜ਼ੋਰੀ ਹੁੰਦੀ ਹੈ ਜਿਸ ਵੇਲੇ ਤਾਂ ਅਸੀਂ ਇਹ ਸੋਚਦੇ ਹਾਂ ਕਿ ਸਾਡਾ ਵਿਹਾਰ, ਜੇ ਪੱਗ ਟੇਢੀ ਨਾ ਕੀਤੀ ਤਾਂ ਨਹੀਂ ਚੱਲਣਾ, ਜੇ ਪੈਂਟ ਨਾ ਪਾਈ ਤਾਂ ਨਹੀਂ ਚੱਲਣਾ। ਵਿਹਾਰ ਚੱਲੇ ਜਾਂ ਨਾਂ ਚੱਲੇ ਪਰ ਇਕ ਨਾਮਧਾਰੀ-ਪੁਣਾ ਸਾਡਾ ਕਾਇਮ ਰਹੇ।


ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ


ਜੀ ਦੀ ਅਪਾਰ ਕਿਰਪਾ
ਅਤੇ ਵੇਟ ਲਿਫਟਿੰਗ
7 ਫਰਵਰੀ 2021

NAMDHARI SANGAT
LUDHIANA



ਦਾਦਾ - ਗੁਰੂ




ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਪਾਰਲੀਮੈਂਟ ਵਿੱਚ ਲੱਗੇ। ਚਾਹੀਦਾ ਤਾਂ ਇਹ ਹੈ ਕਿ ਰਾਸ਼ਟਰ-ਪਿਤਾ ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਿਆ ਜਾਵੇ। ਪੰਡਤ ਸੁੰਦਰ ਲਾਲ ਕਹਿੰਦੇ ਸਨ, "ਗੁਰੂ ਰਾਮ ਮੇਰੇ ਦਾਦਾ ਗੁਰੂ ਹੈਂ।" ਉਹ ਹਿੰਦੀ ਬੋਲਦੇ ਸਨ। "ਆਪ ਪੁੱਛੇਂਗੇ ਦਾਦਾ-ਗੁਰੂ ਕੈਸੇ ਹੈਂ? ਮੈਂ ਕਹਿਤਾ ਹੂੰ ਕਿ ਮੇਰਾ ਗੁਰੂ ਮਹਾਤਮਾ ਗਾਂਧੀ ਹੈ, ਔਰ ਮਹਾਤਮਾ ਗਾਂਧੀ ਕੇ ਗੁਰੂ, ਸਤਿਗੁਰੂ ਰਾਮ ਸਿੰਘ ਹੈਂ। ਸਤਿਗੁਰੂ ਰਾਮ ਸਿੰਘ ਨੇ ਹੀ ਸਬ ਸੇ ਪਹਿਲੇ ਅੰਗਰੇਜ਼ ਸਰਕਾਰ ਸੇ ਅਸਹਿਯੋਗ ਔਰ ਬਾਈਕਾਟ ਸੁਰੂ ਕੀਆ ਉਨਕੇ ਬਾਦ ਮਹਾਤਮਾ ਗਾਂਧੀ ਨੇ ਉਨਕੇ ਪਦ-ਚਿੰਨ੍ਹੋਂ ਪਰ ਚੱਲ ਕਰ ਸਫਲਤਾ ਪ੍ਰਾਪਤ ਕੀ।" ਇਸ ਲਈ ਰਾਸ਼ਟਰ-ਪਿਤਾ ਸਤਿਗੁਰੂ ਰਾਮ ਸਿੰਘ ਹੋਣੇ ਚਾਹੀਦੇ ਹਨ।

ਗੁਰ ਗਿਆਨ ਮਾਲਾ
ਪਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਮਨ ਨਿਰਮਲ ਭਇਆ



ਜਿਹੜਾ ਡੰਡ ਲੌਂਦਾ ਹੈ, ਉਹਦੇ ਡੌਲੇ ਬਣ ਜਾਂਦੇ ਹਨ, ਬੈਠਕਾਂ ਲੌਣ ਵਾਲੇ ਦੇ ਪੱਟ ਤੇ ਪਿੰਨੀਆਂ ਮਜ਼ਬੂਤ ਬਣ ਜਾਂਦੀਆਂ ਹਨ ਅਤੇ ਜਿਹੜਾ ਨਾਮ ਜੱਪਦਾ ਹੈ, ਉਹਦਾ ਮਨ ਏਨਾ ਨਿਰਮਲ ਹੋ ਜਾਂਦਾ ਹੈ, ਏਥੋਂ ਤੱਕ ਲਿਖਿਆ ਹੈ:-

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰ।।
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ।।

ਜਿਸਨੂੰ ਆਖਦੇ ਨੇ, ਦਿਸਦਾ ਨਹੀਂ, ਕੋਈ ਸਤਵੇਂ ਅਕਾਸ਼ 'ਤੇ, ਕੋਈ ਕਿਤੇ ਦੱਸਦਾ ਹੈ, ਉਹ (ਭਗਵਾਨ) ਪਿੱਛੇ ਲੱਗਿਆ ਫਿਰਦਾ ਹੈ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਜਨਮ - ਦਿਨ ਮਨਾਉਣ ਬਾਰੇ



ਅੱਜ-ਕੱਲ ਬੜਾ ਰਿਵਾਜ਼ ਹੈ, ਜਨਮ-ਦਿਨ ਮਨਾਉਣ ਦਾ, ਮਾਤਾ- ਪਿਤਾ ਬੱਚਿਆਂ ਦੇ ਜਨਮ ਦਿਨ ਮਨਾਉਂਦੇ ਨੇ, ਮੈਨੂੰ ਨਹੀਂ ਯਾਦ ਕਿ ਮੈਂ ਕਿਸੇ ਘਰ ਗਿਆ ਹੋਵਾਂ ਤੇ ਉਹਨਾਂ ਆਖਿਆ ਹੋਵੇ ਕਿ ਅੱਜ ਸਾਡੇ ਮਾਤਾ-ਪਿਤਾ ਦਾ ਜਨਮ-ਦਿਨ ਹੈ। ਇਹ ਸਾਰੀ ਪਰੰਪਰਾ ਪੱਛਮ ਤੋਂ ਆਈ ਹੈ ਤੇ ਉਲਟਾ ਰਿਵਾਜ਼ ਚਲਿਆ ਹੈ। ਸਾਡਾ ਰਿਵਾਜ਼ ਸੀ ਕਿ ਬੱਚੇ ਸਵੇਰੇ ਇਸ਼ਨਾਨ ਕਰਕੇ ਮਾਤਾ-ਪਿਤਾ ਦੇ ਪੈਰੀ ਹੱਥ ਲਾਉਣ। ਅੱਜ ਕੱਲ ਛੇਕ-ਹੈਂਡ (ਹੱਥ ਮਿਲਾਉਣ) ਦਾ ਰਿਵਾਜ਼ ਹੈ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ



ਬਸੰਤ ਪੰਚਮੀ ਮੇਲਾ

ਮਿਤੀ 7 ਮਾਰਚ, 2021 ਦਿਨ ਐਤਵਾਰ ਸਵੇਰੇ 5:00 ਤੋਂ 8:30 ਵਜੇ ਤੱਕ

ਸਥਾਨ : ਗੁਰਦੁਆਰਾ ਸਿੰਘ ਸਭਾ ਅਕਾਲ ਸਾਹਿਬ, ਗਲੀ ਨੰ. 1, ਪ੍ਰਤਾਪ ਨਗਰ, ਲੁਧਿਆਣਾ

ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਉਪਰੰਤ ਕਥਾ ਕੀਰਤਨ ਹੋਵੇਗਾ। ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

ਬੇਨਤੀ ਕਰਤਾ :

ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ, ਸਮੂਹ ਨਾਮਧਾਰੀ ਸੰਗਤ ਲੁਧਿਆਣਾ ਅਤੇ ਸ. ਭਗਵੰਤ ਸਿੰਘ ਨਾਮਧਾਰੀ

NAMDHARI SANGAT
LUDHIANA

ਕੂੜ ਨ ਪੁਜੈ ਸਚ ਨੂੰ




ਜਦੋਂ ਆਦਮੀ ਇਕ ਝੂਠ ਬੋਲਦਾ ਹੈ ਤਾਂ ਉਸਨੂੰ ਸੱਚਾ ਕਰਨ ਲਈ ਸੌ ਝੂਠ ਬੋਲਣੇ ਪੈਂਦੇ ਹਨ, ਉਸ ਲਈ ਬਹੁਤ ਤਿਆਰੀ ਕਰਨੀ ਪੈਂਦੀ ਹੈ। ਜੇ ਇਕੋ ਵਾਰੀ ਸੱਚ ਬੋਲ ਦਿੱਤਾ ਜਾਵੇ ਤਾਂ ਉਸਦੇ ਵਾਸਤੇ ਕੋਈ ਸੋਚਣ ਦੀ ਲੋੜ ਨਹੀਂ, ਕੋਈ ਤਿਆਰੀ ਦੀ ਲੋੜ ਨਹੀਂ ਕਰਨੀ ਪੈਂਦੀ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਸਾਈ ਭਲੀ ਕਾਰ




ਆਪਣੇ ਸਮਝਣ ਵਾਲੀ ਗੱਲ ਏਹੋ ਹੀ ਹੈ ਕਿ ਜੋ ਸਤਿਗੁਰੂ-ਸੱਚੇਪਾਤਸ਼ਾਹ ਕਰਦੇ ਨੇ, ਸਤਿਗੁਰਾਂ ਤੋਂ ਵੱਡਾ ਹੈ ਕੋਈ ਨਹੀਂ। ਉਨ੍ਹਾਂ ਦੀ ਰਜ਼ਾ ਬਿਨਾਂ ਹੋ ਕੁੱਝ ਨਹੀਂ ਸਕਦਾ। ਜੋ ਉਨ੍ਹਾਂ ਦੀ ਰਜ਼ਾ ਨਾਲ ਹੁੰਦਾ ਹੈ, ਜਿਹੜਾ ਬਾਣੀ ਵਿੱਚ ਲਿਖਿਆ ਹੈ - "ਜੋ ਤੁਮੁ ਕਰਹੁ ਸੋਈ ਭਲ ਹਮਰੈ" ਸਾਨੂੰ ਨਹੀਂ ਪਤਾ ਕਿ ਸਾਡਾ ਭਲਾ ਕਿਹੜੀ ਗੱਲ ਵਿੱਚ ਹੈ। ਇਸ ਗੱਲ ਵਿੱਚ ਸਾਡਾ ਕਿਹੜਾ ਭਲਾ ਛੁਪਿਆ ਹੋਇਆ ਹੈ। ਅਸੰਖਾਂ ਦੀ ਪੌੜੀਆਂ ਵਿੱਚ ਅਸੀਂ ਤਿੰਨ ਵਾਰ ਪੜ੍ਹਦੇ ਹਾਂ। "ਜੋ ਤੁਧੁ ਭਾਵੈ ਸਾਈ ਭਲੀ ਕਾਰ" ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਸਿੱਖਾਂ ਨੇ ਅਰਜ ਕੀਤੀ ਕਿ ਸੱਚੇ ਪਾਤਸਾਹ ਤੁਸੀਂ ਕਿਹਦੇ ਤੇ ਰਾਜ਼ੀ ਰਹਿੰਦੇ ਹੋ? ਸੱਚੇ ਪਾਤਸ਼ਾਹ ਨੇ ਬਚਨ ਕੀਤਾ, 'ਜਿਹੜਾ ਰਜ਼ਾ ਵਿੱਚ ਰਾਜ਼ੀ ਰਵੇ'। ਬੜੀ ਔਖੀ ਗੱਲ ਹੈ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਦੁਰਲਭ ਦੇਹ



ਸਤਿਗੁਰਾਂ ਨੇ ਬਾਣੀ ਵਿੱਚ ਬਾਰ-ਬਾਰ ਇਹ ਲਿਖਿਆ ਹੈ ਕਿ ਇਹ ਮਨੁੱਖ ਜਨਮ ਹੈ, ਚੁਰਾਸੀ ਲੱਖ ਜੂਨ ਵਿੱਚੋਂ ਬਾਹਰ ਨਿਕਲਣ ਵਾਸਤੇ ਇਹ ਸਾਨੂੰ ਸਮਾਂ ਮਿਲਿਆ ਹੈ। ਫਰੀਦ ਜੀ ਨੇ ਲਿਖਿਆ ਹੈ-

ਫਰੀਦਾ ਉਮਰ ਸੁਹਾਵੜੀ, ਸੰਗਿ ਸੁਵੰਨੜੀ ਦੇਹ
ਵਿਰਲੇ ਕਈ ਪਾਈਅਨਿ੍ ਜਿਨ੍ਾਂ ਪਿਆਰੇ ਨੇਹ।।

ਫਰੀਦ ਜੀ ਨੇ ਇਹ ਵੀ ਲਿਖਿਆ ਹੈ-

ਫਰੀਦ ਰਬ ਖਜੂਰੀ ਪਕੀਆਂ ਮਾਖਿਆਂ ਨਈ ਵਹੰਨਿ।।

ਖਜੂਰਾਂ ਪੱਕੀਆਂ ਨੇ, ਤੇ ਸ਼ਹਿਦ ਦੀਆਂ ਨਦੀਆਂ ਵਗਦੀਆਂ ਨੇ। ਇਹ ਸਾਰਾ ਕੁੱਝ ਤੇਰੇ ਕੋਲ਼ ਹੋ ਰਿਹਾ ਹੈ-


ਜੋ ਜੋ ਵੰਞੈ ਡੀਹੜਾ ਸੋ ਉਮਰ ਹੱਥ ਪਵੰਨ।।

ਜਿਹੜਾ ਦਿਨ ਲੰਗ ਗਿਆ, ਤੇਰੀ ਉਮਰ ਨੂੰ ਹੱਥ ਪੈ ਗਿਆ, ਉਹ ਨਹੀਂ ਵਾਪਿਸ ਔਣਾ। ਇਹਦੇ ਵਾਸਤੇ ਮਾਸ ਸ਼ਰਾਬ ਦਾ ਤਿਆਗ ਕਰਕੇ ਭਜਨ ਪੁੱਛੋ, ਭਜਨ ਕਰੋ, ਸਿਮਰਨ ਕਰੋ।

ਗੁਰ ਗਿਆਨ ਮਾਲਾ
ਪੂਜਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਧਰਮ ਗ੍ਰੰਥ ਪੜ੍ਹਿਆ ਕਰੋ



ਨਾਮਧਾਰੀ ਨੌਜੁਆਨਾਂ ਨੂੰ ਮੈਂ ਅਰਜ ਕਰਾਂ, ਪੜ੍ਹੋ ਬੇਸ਼ੱਕ, ਪੜ੍ਹਨ 'ਚ ਕੋਈ ਹਰਜ਼ ਨਹੀਂ, ਪਰ ਐਸੀ ਪੜ੍ਹਾਈ ਜਿੱਥੋਂ ਇਹ ਜਾਪਦਾ ਹੋਵੇ ਕਿ ਮੇਰਾ ਪੈਰ ਤਿਲਕ ਜਾਣਾ ਹੈ, ਉਸ ਥਾਂ ਤੇ ਪੈਰ ਧਰਣ ਤੋਂ ਸੰਕੋਚ ਕਰੋ। ਸਿਨੇਮਾ ਨਾ ਵੇਖਿਆ ਕਰੋ, ਨਾਵਲ ਨਾ ਪੜ੍ਹਿਆ ਕਰੋ, ਜੇ ਪੜ੍ਹਨਾ ਹੈ, ਤਾਂ ਗੁਰਬਾਣੀ, ਸਾਧੂਆਂ ਦੀ ਕਥਾ ਪੜ੍ਹਿਆ ਕਰੋ, ਰਮਾਇਣ ਪੜ੍ਹਿਆ ਕਰੋ, ਆਪਣੇ ਧਰਮ ਗ੍ਰੰਥ ਪੜ੍ਹਿਆ ਕਰੋ।

ਮਾਇਆ ਵਾਲ਼ੇ ਪਾਸੇ ਲੱਗ ਕੇ ਆਦਮੀ ਦੁਖੀ ਰਹਿੰਦਾ ਹੈ


ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ
ਜਿਸ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥

ਦੋਹਾਂ ਹਾਲਾਤਾਂ ਵਿੱਚ ਹੀ - ਜੇ ਬਹੁਤ ਮਾਇਆ ਆ ਗਈ ਹੈ, ਜੇ ਥੋੜੀ ਹੋਈ ਤਾਂ ਵੀ, ਸੱਚੇਪਾਤਸ਼ਾਹ ਨੇ ਇਹ ਵੀ ਹੁਕਮ ਕੀਤਾ ਹੈ ਕਿ ਜਿਹੜੇ ਸਾਧ-ਸੰਗਤ ਵਾਲ਼ੇ ਪਾਸੇ ਲੱਗਦੇ ਨੇ, ਨਾਮ ਵਾਲ਼ੇ ਪਾਸੇ ਲੱਗੇ ਕੇ, ਜੇ ਮਾਇਆ ਥੋੜੀ ਵੀ ਹੈ ਉਨ੍ਹਾਂ ਨੂੰ ਦੁੱਖ ਨਹੀਂ ਹੁੰਦਾ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA


ਬੱਚੇ ਕੱਚਾ ਦੁੱਧ ਹਨ



ਬੱਚੇ ਤਾਂ ਕੱਚਾ ਦੁੱਧ ਹਨ। ਕੱਚੇ ਦੁੱਧ ਦਾ ਪਨੀਰ ਬਣਾ ਲਉ, ਖੋਆ ਬਣਾ ਲਉ, ਦਹੀਂ ਜਮਾ ਲਉ ਕਾੜ੍ਹ ਕੇ। ਬੱਚੇ ਤੇ ਇਸ ਤਰਾਂ ਦੇ ਹਨ। ਪਰ ਘਰ ਵਿੱਚ ਤੁਸੀਂ ਜਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੋ, ਸਾਧ-ਸੰਗਤ ਦੀ ਨਿੰਦਿਆ ਕਰਦੇ ਹੋ, ਏਥੇ ਆ ਕੇ ਭਜਨ ਬਾਣੀ ਵੀ ਕਰਦੇ ਹੋ ਸਾਧ-ਸੰਗਤ ਵਿੱਚ ਵੀ ਬੈਠਦੇ ਹੋ। ਘਰ ਵਿੱਚ ਜਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੋ, ਉਸਦਾ ਬੱਚਿਆਂ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਤੁਸੀਂ ਹੰਢੇ ਵਰਤੇ ਹੋ, ਤੁਸੀਂ ਫੇਰ ਆਖ ਦੇਂਦੇ ਹੋ ਕਿ ਅਸੀਂ ਆਹ ਗਲਤੀ ਕੀਤੀ ਸੀ, ਪਰ ਬੱਚਾ ਸਮਝਦਾ ਹੈ ਕਿ ਜਿੱਥੇ ਮੈਂ ਚਲਾ ਗਿਆ ਹਾਂ, ਠੀਕ ਹਾਂ ਉੱਥੇ। ਬੱਚਿਆਂ ਨੂੰ ਹਮੇਸ਼ਾ ਸਾਧ - ਸੰਗਤ ਵਾਲੇ ਪਾਸੇ ਦੀ ਸਿਖਿਆ ਦਿਆ ਕਰੋ। ਆਦਮੀ ਤੋਂ ਗਲਤੀਆਂ ਹਮੇਸ਼ਾਂ ਹੁੰਦੀਆਂ ਨੇ, ਵੱਡਿਆਂ ਤੋਂ ਵੀ ਹੁੰਦੀਆਂ ਨੇ, ਛੋਟਿਆਂ ਤੋਂ ਵੀ ਹੁੰਦੀਆਂ ਨੇ, ਪਰ ਜੇ ਤੇ ਅਸੀਂ ਸਾਧ -ਸੰਗਤ ਨੂੰ ਆਪਣਾ ਟੱਬਰ ਸਮਝੀਏ, ਫੇਰ ਤੇ ਅਸੀਂ ਬਾਹਰ ਗਲਤੀ ਨਹੀਂ ਦੱਸਾਂਗੇ, ਆਪਣੇ ਪਰਿਵਾਰ 'ਚ ਬਹਿ ਕੇ ਆਖਾਂਗੇ, ਐਹ ਗੱਲ ਨਾ ਕਰੀਂ, ਬਾਹਰ ਪਤਾ ਲੱਗ ਗਿਆ ਤਾਂ ਆਪਣੀ ਬੇਇੱਜਤੀ ਹੋਵੇਗੀ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA



ਅਰਦਾਸ ਜਰੂਰ ਯਾਦ ਕਰੋ

ਤੁਸੀਂ ਧਿਆਨ ਕਰੋ ਚੰਗੀ ਤਰਾਂ ਕਿ ਜਦੋਂ ਲੜਕੇ-ਲੜਕੀ ਦਾ ਅਨੰਦ ਕਾਰਜ ਹੁੰਦਾ ਹੈ ਤਾਂ ਪਹਿਲਾਂ ਅਰਦਾਸ ਸੁਣੀ ਜਾਂਦੀ ਹੈ। ਭਾਵੇਂ ਉਨਾਂ ਨੌਜੁਆਨਾਂ ਨੇ ਡਾਕਟਰੀ ਪਾਸ ਕੀਤੀ ਹੋਵੇ, ਭਾਵੇਂ ਵਕਾਲਤ ਕੀਤੀ ਹੋਵੇ ਜਾਂ ਕਿੰਨਾ ਵੀ ਪੜਿਆ ਲਿਖਿਆ ਹੋਵੇ ਪਰ ਜੇ ਉਸ ਨਾਮਧਾਰੀ ਨੂੰ ਅਰਦਾਸ ਨਹੀਂ ਆਉਂਦੀ ਤਾਂ ਉਹਦਾ ਕੱਖ ਨਹੀਂ ਬਣਦਾ। ਜਿਸਦੇ ਆਪਣੇ ਪੈਰ ਹੀ ਨਹੀਂ ਉਹਨੇ ਤੁਰਨਾ ਕਿੱਥੇ ਹੈ?

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਤਿਗੁਰੂ ਵਾਲਾ ਪੱਖ ਧਾਰਣ ਕਰੋ




ਲੜਕੇ ਲੜਕੀਆਂ ਦੇ ਵਿਆਹ ਉਦੋਂ ਹੁੰਦੇ ਨੇ, ਜਦੋਂ ਉਹ ਬਾਲਗ ਹੋ ਜਾਂਦੇ ਨੇ, ਜੇ ਉਹਨਾਂ ਦੇ ਮਾਤਾ-ਪਿਤਾ ਦਾਜ ਲੈਣ ਦੇਣ ਬਾਰੇ ਆਖਣ ਵੀ ਤਾਂ ਉਹ ਆਖਣ ਕਿ ਅਸੀਂ ਹੁਣ ਬਾਲਗ ਹਾਂ, ਅਸੀਂ ਵੇਖਣਾ ਹੈ ਕਿ ਦਾਜ ਵਗੈਰਾ ਲੈਣਾ ਗਲਤ ਹੈ ਕਿ ਠੀਕ। ਮੇਰੇ ਕੋਲ ਕਈ ਲੜਕੇ-ਲੜਕੀਆਂ ਆ ਕੇ ਸਿਕਾਇਤ ਕਰਦੇ ਨੇ ਕਿ ਅਸੀਂ ਤੇ ਦਾਜ ਵਗੈਰਾ ਨਹੀਂ ਚਾਹੁੰਦੇ ਪਰ ਸਾਡੇ ਮਾਤਾ-ਪਿਤਾ ਚਾਹੁੰਦੇ ਨੇ ਲੈਣਾ-ਦੇਣਾ। ਸਾਡਾ ਨਾਮ ਵੀ ਨਾ ਲਇਓ, ਪਰ ਆਪ ਜੀ ਉਹਨਾਂ ਨੂੰ ਰੋਕ ਦਿਉ। ਮਾਤਾ-ਪਿਤਾ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਤਿਗੁਰਾਂ ਵਾਲੇ ਪਾਸੇ ਲਾਉਣ। ਪ੍ਰਹਲਾਦ ਇੱਕ ਛੋਟਾ ਜਿਹਾ ਬੱਚਾ ਸੀ, ਸਤਿਗੁਰੂ ਵਾਲਾ ਪੱਖ ਧਾਰਣ ਕਰਨ ਕਰਕੇ ਇੱਕ ਵੱਡਾ ਰਾਜਾ ਵੀ ਉਸ ਦਾ ਕੁੱਝ ਨਹੀਂ ਵਿਗਾੜ ਸਕਿਆ, ਜੋ ਆਪਣੇ ਆਪ ਨੂੰ ਸੰਸਾਰ ਦਾ ਮਾਲਕ ਸਮਝਦਾ ਸੀ। ਉਹਦੀ ਹਾਰ ਹੋਈ ਤੇ ਪ੍ਰਹਲਾਦ ਦੀ ਜਿੱਤ ਹੋਈ ਸੀ। ਦ੍ਰੋਪਤੀ ਇੱਕ ਔਰਤ ਸੀ, ਉਸਦੀ ਜਿੱਤ ਹੋਈ ਸੀ, ਦੁਰਯੋਦਨ ਦੀ ਹਾਰ ਹੋਈ। ਸੋ ਆਪਾਂ ਪਹਿਲਾਂ ਹੀ ਜਿੱਤ ਵਾਲਾ ਪਾਸਾ ਅਪਣਾ ਲਈਏ ਤਾਂ ਚੰਗੀ ਗੱਲ ਹੈ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਗੁਰਮਤਿ ਦੇ ਧਾਰਣੀ ਬਣੋ



ਮਾਸ-ਸ਼ਰਾਬ ਦਾ ਤਿਆਗ ਕਰੋ, ਰੋਮਾਂ ਦੀ ਬੇਅਦਬੀ ਕਿਸੇ ਵੀ ਤਰ੍ਹਾਂ ਨਾ ਕਰੋ, ਨਾ ਤੋਲੀਏ ਨਾਲ ਘਸਾ ਕੇ। ਇਸ ਤਰ੍ਹਾਂ ਸੋਚਣਾ ਵੀ ਮਾੜਾ ਹੈ। ਜਿਹੜਾ ਸਤਿਗੁਰਾਂ ਨੇ ਸਾਨੂੰ ਹੁਕਮ ਕੀਤਾ ਹੈ, ਉਹਦੇ ਵਿੱਚ ਹੀ ਸਾਡਾ ਭਲਾ ਹੈ। ਤਗੜੇ ਹੋ ਕੇ ਨਾਮੁ ਜੱਪੋ, ਮਨੋ ਸਾਫ ਹੋਵੋ, ਇੱਕ-ਦੂਜੇ ਨਾਲ। ਇੱਕ-ਦੂਜੇ ਨਾਲ ਲੜਾਈ-ਝਗੜਾ ਸਾਡਾ ਮੁੱਕੇ, ਇੱਕ-ਦੂਜੇ ਨੂੰ ਪਿਆਰ ਨਾਲ ਅਸੀਂ ਸਮਝਾਈਏ,

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ॥

ਗੁਰ ਗਿਆਨ ਮਾਲਾ
ਪੂਜਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਬੰਦਗੀ



ਬੰਦਗੀ ਸਿਰਫ਼ ਇਸੇ ਗੱਲ ਦਾ ਅਰਥ ਨਹੀਂ, ਕਿ ਮਾਲਾ ਫੜ੍ਹ ਕੇ ਭਜਨ ਕਰਨਾ ਹੀ ਬੰਦਗੀ ਹੈ। ਆਸਾ ਦੀ ਵਾਰ ਵਿੱਚ ਤੁਸੀਂ ਸੁਣਦੇ ਹੋ,

"ਬੰਦੇ ਸੇ ਜਿ ਪਵਹਿ ਵਿਚਿ ਬੰਦੀ"

ਕਿ ਕਿਸੇ ਦੀ ਕੈਦ ਵਿਚ ਰਹਿ ਕੇ ਕਿਸੇ ਦੀ ਆਗਿਆ ਵਿੱਚ ਚੱਲ ਕੇ ਬੰਦਗੀ ਕਰਨੀ।

ਗੁਰੂ ਹਰੀ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਅਸਾਂ ਬਚਪਨ ਤੋਂ ਹੀ ਕਦੇ ਵੀ ਸਤਿਗੁਰਾਂ (ਸਤਿਗੁਰੂ ਰਾਮ ਸਿੰਘ ਜੀ) ਦਾ ਹੁਕਮ ਨਹੀਂ ਸੀ ਮੋੜਿਆ।


ਭਗਤੀ ਬੜਾ ਵਿਆਪਕ ਸ਼ਬਦ ਹੈ। ਬਹੁਤ ਲੋਕ ਭਗਤੀ ਬਾਰੇ ਗੱਲਾਂ ਕਰਦੇ ਨੇ। ਭਗਤੀ ਕੀ ਚੀਜ਼ ਹੈ? ਆਪਣੇ ਸਤਿਗੁਰੂ ਦਾ ਵਿਸ਼ਵਾਸ ਪਾਤਰ ਹੋਣਾ ਹੀ ਸਭ ਤੋਂ ਵੱਡੀ ਭਗਤੀ ਹੈ। ਹੋਰ ਸਭ ਪਿੱਛੇ ਨੇ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਸਮਝਿ ਰਾਖਉ ਚੀਤਿ



ਜੇ ਤੁਸੀਂ ਸਿਨੇਮੇ ਵਿਚ ਜਾ ਕੇ ਗੀਤ ਕੰਨਾਂ ਦੁਆਰਾ ਸੁਣਦੇ ਹੋ,ਉਹ ਤੁਹਾਡੇ ਨਾਲ ਨਹੀਂ ਲਗਦਾ , ਪਦਾਰਥਕ ਰੂਪ ਵਿਚ ਕਿਸੇ ਤਰ੍ਹਾਂ ਤੁਹਾਡੇ ਅੰਦਰ ਨਹੀਂ ਜਾਂਦਾ। ਪਰ ਵਿਚਾਰ ਤੁਹਾਡੇ ਕਿਸ ਤਰ੍ਹਾਂ ਦੇ ਬਣਦੇ ਹਨ, ਤੁਸੀਂ ਆਪ ਜਾਣਦੇ ਹੋ। ਪਰ ਜੇ ਤੁਸੀਂ ਗੁਰਬਾਣੀ ਦਾ ਕੀਰਤਨ ਸੁਣਦੇ ਹੋ ਜਾਂ ਪਾਠ ਸੁਣਦੇ ਹੋ-

ਕਾਲੁ ਇਆਲੁ ਜਿਉ ਪਰਿਓ ਡੋਲੇ ਮੁਖੁ ਪਸਾਰੇ ਮੀਤ॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥
ਜਾਂ ਤੁਸੀਂ ਸੁਣਦੇ ਹੋ -
ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ
ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥
ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥

ਏਨਾਂ ਦੋਹਾਂ ਗੱਲਾਂ ਨਾਲ ਸਾਡੇ ਮਨ ਦੇ ਵਿਚਾਰ ਕਿਸ ਤਰ੍ਹਾਂ ਬਦਲਦੇ ਹਨ। ਆਦਮੀ ਦਾ ਸਰੀਰ ਇੱਕ ਸਮੇਂ ਦੇ ਅਨੁਸਾਰ ਆਉਂਦਾ ਅਤੇ ਸਮੇਂ ਅਨੁਸਾਰ ਉਹ ਜੀਵ ਆਤਮਾ ਸਰੀਰ ਵਿਚੋਂ ਚਲਾ ਜਾਂਦਾ ਹੈ। ਉਸਦੇ ਠੀਕ ਰਾਹ ਤੇ ਜਾਣ ਲਈ ਧਰਮ ਸਹਾਈ ਹੁੰਦਾ ਹੈ। ਬੁਰੇ ਜਾਂ ਚੰਗੇ ਪਾਸੇ ਨੂੰ ਜਿਸ ਤਰ੍ਹਾਂ ਦੇ ਸਾਡੇ ਵਿਚਾਰ ਬਣਦੇ ਹਨ, ਮਰਨ ਤੋਂ ਬਾਅਦ ਜੀਵ-ਆਤਮਾ ਨੂੰ ਉਹ ਪਾਸਾ ਮਿਲਦਾ ਹੈ।

ਗੁਰ ਗਿਆਨ ਮਾਲਾ
ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

NAMDHARI SANGAT
LUDHIANA

ਮਨ ਨੂੰ ਵੱਸ ਕਰਨ ਵਾਸਤੇ




ਮਨ ਨੂੰ ਵੱਸ ਕਰਨ ਵਾਸਤੇ ਜੇਹੜਾ ਸਾਧਨ ਸਾਨੂੰ ਸਤਿਗੁਰਾਂ ਨੇ ਦੱਸਿਆ ਹੈ, ਅੰਮ੍ਰਿਤ ਵੇਲੇ ਸਣੇਕੇਸੀ ਇਸ਼ਨਾਨ ਕਰਕੇ ਬੈਠ ਕੇ ਸ਼ਬਦ ਤੇ ਸੁਰਤ ਦਾ ਮੇਲ ਕਰਿਆ ਕਰੋ। ਝੂਠ ਨਾ ਬੋਲੋ, ਸੱਚ ਬੋਲੋ, ਚੋਰੀ ਨਾ ਕਰੋ, ਠੱਗੀ ਨਾ ਕਰੋ, ਪਊਏ ਪਾ ਕੇ ਜੋੜੇ ਵਾਲੇ ਚਰਨ ਧੋ ਕੇ ਮੰਜੇ 'ਤੇ ਬੈਠਿਆ ਜਾਵੇ। ਕਿਸੇ ਉਸ ਆਦਮੀ ਤੋਂ ਜੋ ਮਾਸ-ਸ਼ਰਾਬ-ਆਂਡਾ ਵਗੈਰਾ ਵਰਤਦਾ ਹੈ ਜਾਂ ਜਿਸ ਨੇ ਗੁਰਮੰਤ੍ਰ ਨਹੀਂ ਲਿਆ, ਉਸ ਤੋਂ ਸੁੱਕੀ ਰਸਦ ਲੈ ਕੇ ਵੀ ਨਾ ਖਾਊ, ਜਿਸਦਾ ਸਿੱਧਾ ਤੁਹਾਡੇ ਮਨ 'ਤੇ ਅਸਰ ਹੋਣਾ ਹੈ। ਐਸ ਤਰ੍ਹਾਂ ਦੇ ਸਾਰੇ ਕੰਮਾਂ ਦਾ ਤਿਆਗ ਕਰਕੇ ਫੇਰ ਵੇਖੋ ਸਤਿਗੁਰ ਕਿਸ ਤਰ੍ਹਾਂ ਕਿਰਪਾ ਕਰਦੇ ਹਨ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰ ਜਗਜੀਤ ਸਿੰਘ ਜੀ

NAMDHARI SANGAT
LUDHIANA

ਮਨ ਏਸ ਤਰ੍ਹਾਂ ਦਾ ਬਣਾਓ



ਆਪਣੇ ਮਨ ਨੂੰ ਏਸ ਥਾਂ ਰੱਖਿਆ ਕਰੋ ਕਿ ਸਾਡਾ ਮਨ ਸਤਿਗੁਰਾਂ ਦਾ ਹੁਕਮ ਮੰਨਣ ਵਾਲਾ ਬਣਿਆ ਰਹੇ। ਜਿਹੜੀ ਜ਼ਮੀਨ ਚੰਗੀ ਬਣੀ ਹੋਵੇ ਤਾਂ ਉਹਦੇ ਵਿਚ ਹੀ ਬੀਜ ਚੰਗੀ ਉਪਜ ਦੇਂਦਾ ਹੈ। ਨਹੀਂ ਤੇ ਕਈ ਵਾਰ ਐਉਂ ਹੁੰਦਾ ਹੈ, ਜਿਨ੍ਹਾਂ ਦੇ ਮਨ ਠੀਕ ਨਹੀਂ ਹੁੰਦੇ, ਜਿਵੇਂ ਸਵਾਂਤੀ ਬੂੰਦ ਬਬੀਹੇ ਨੂੰ ਮਿਲੇ ਤਾਂ ਉਸਦੀ ਪਿਆਸ ਬੁਝ ਜਾਂਦੀ ਹੈ, ਤ੍ਰਿਪਤ ਹੋ ਜਾਂਦਾ ਹੈ। ਸਿੱਪ ਵਿਚ ਪਵੇ ਤਾਂ ਮੋਤੀ ਬਣ ਜਾਂਦਾ ਹੈ। ਹਾਥੀ ਦੇ ਸਿਰ ਤੇ ਪਵੇ ਤਾਂ ਗਜ ਮੋਤੀ ਬਣ ਜਾਂਦਾ ਹੈ। ਕੇਲੇ ਵਿਚ ਪਵੇ ਤਾਂ ਕਪੂਰ ਬਣ ਜਾਂਦਾ ਹੈ, ਪਰ ਉਹੋ ਸਵਾਂਤੀ ਬੂੰਦ ਗਿਦੜ ਤੇ ਪਵੇ ਤਾਂ ਉਹ ਹਲਕ ਜਾਂਦਾ ਹੈ। ਹੁਣ ਵੇਖੋ ਕਿ ਸਵਾਂਤੀ ਬੂੰਦ ਦਾ ਇਹਦੇ ਵਿਚ ਕੀ ਕਸੂਰ ਹੈ। ਉਹ ਥੱਲੇ ਦੀ ਜ਼ਮੀਨ ਦਾ ਅਸਰ ਹੈ। ਸਾਡੀ ਜ਼ਮੀਨ ਐਹੋ ਜਹੀ ਬਣੀ ਹੋਵੇ ਕਿ ਹਲਕਣ ਵਾਲੀ ਨਾ ਹੋਵੇ, ਉਹ ਕਪੂਰ ਬਨਣ ਵਾਲੀ ਹੋਵੇ, ਉਹ ਮੋਤੀ ਬਨਣ ਵਾਲੀ ਹੋਵੇ।

ਗੁਰ ਗਿਆਨ ਮਾਲਾ

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ